Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 120 | Monday, June 20, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਨੇੜ੍ਹ ਭਵਿੱਖ ਵਿਚ ਘਟਣ ਨਹੀਂ ਵਾਲੀ ਏਅਰਪੋਰਟਸ ਦੀ ਮਸ਼ਰੂਫੀਅਤ



ਓਟਵਾ, 19 ਜੂਨ (ਪੋਸਟ ਬਿਊਰੋ) : ਇੱਕ ਵਾਰੀ ਮੁੜ ਟਰੈਵਲ ਵਿੱਚ ਆਈ ਤੇਜ਼ੀ ਤੇ ਕੈਨੇਡਾ ਦੇ ਸੱਭ ਤੋਂ ਮਸ਼ਰੂਫ ਏਅਰਪੋਰਟ ਉੱਤੇ ਯਾਤਰੀਆਂ ਨੂੰ ਹੋਣ ਵਾਲੀ ਦੇਰ ਦਾ ਜਿਹੜਾ ਸਾਹਮਣਾ ਕਰਨਾ ਪੈ ਰਿਹਾ ਹੈ ਉਸ ਵਿੱਚ ਹਾਲ ਦੀ ਘੜੀ ਕੋਈ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ। ਦੂਜੇ ਪਾਸੇ ਓਮਾਈਕ੍ਰੌਨ ਦੇ ਨਵੇਂ ਸਬਵੇਰੀਐਂਟ ਦੇ ਮਿਲਣ ਨਾਲ ਕੁੱਝ ਮਾਹਿਰਾਂ ਦਾ ਕਹਿਣਾ ਹੈ ਕਿ ਹਾਲਾਤ ਜਲਦੀ ਸੁਲਝਣ ਵਾਲੇ ਨਹੀਂ।

ਐਤਵਾਰ ਨੂੰ ਟਰੈਵਲ ਮਾਹਿਰ ਜਿੰਮ ਬਾਇਰਜ਼ ਨੇ ਆਖਿਆ ਕਿ ਆਪਣੇ ਬੈਗ ਪੈਕ ਕਰ ਲਵੋ ਤੇ ਆਪਣੇ ਸਬਰ ਦਾ ਇਮਤਿਹਾਨ ਲਵੋ। ਲੰਮੇਂ ਸਮੇਂ ਤੋਂ ਚੱਲ ਰਹੀਆਂ ਡੀਲੇਅਜ਼, ਫਲਾਈਟਸ ਕੈਂਸਲ ਹੋਣ ਕਾਰਨ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਟਰੈਵਲਰਜ਼ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਈ ਵਿੱਚ ਪੀਅਰਸਨ ਉੱਤੇ ਇੰਟਰਨੈਸ਼ਨਲ ਫਲਾਈਟਸ ਉੱਤੇ ਇੱਥੇ ਪਹੁੰਚੇ ਅੱਧਾ ਮਿਲੀਅਨ ਟਰੈਵਲਰਜ਼ ਇੱਥੇ ਫਸ ਕੇ ਰਹਿ ਗਏ। ਕਈਆਂ ਨੇ ਕਸਟਮਜ਼ ਉੱਤੇ ਸਟਾਫ ਦੀ ਘਾਟ ਨੂੰ ਇਸ ਤਰ੍ਹਾਂ ਦੀ ਦੇਰ ਦਾ ਕਾਰਨ ਦੱਸਿਆ ਤੇ ਕਈਆਂ ਨੇ ਇਮੀਗ੍ਰੇਸ਼ਨ ਡੈਸਕਸ ਉੱਤੇ ਘੱਟ ਸਟਾਫ ਨੂੰ ਇਸ ਦੀ ਵਜ੍ਹਾ ਦੱਸਿਆ। ਇਸ ਦੇ ਨਾਲ ਹੀ ਕੋਵਿਡ-19 ਸਬੰਧੀ ਬਾਰਡਰ ਮਾਪਦੰਡ, ਯਾਤਰੀਆਂ ਦੀ ਗਿਣਤੀ ਵਿੱਚ ਹੋਏ ਵਾਧੇ ਨੂੰ ਵੀ ਇਸ ਸਮੱਸਿਆ ਲਈ ਜ਼ਿੰਮੇਵਾਰ ਦੱਸਿਆ ਗਿਆ। ਬਾਇਰਜ਼ ਨੇ ਆਖਿਆ ਕਿ ਟਰੈਵਲਰਜ਼ ਨੂੰ ਅਹਿਤਿਆਤਨ ਤਿੰਨ ਘੰਟੇ ਪਹਿਲਾਂ ਪੀਅਰਸਨ ਉੱਤੇ ਪਹੁੰਚਣਾ ਚਾਹੀਦਾ ਹੈ।

ਇਸ ਦੌਰਾਨ ਫੈਡਰਲ ਸਰਕਾਰ ਨੇ ਆਖਿਆ ਕਿ ਉਨ੍ਹਾਂ ਵੱਲੋਂ ਏਅਰਪੋਰਟਸ ਉੱਤੇ ਉਡੀਕ ਸਮੇਂ ਨੂੰ ਘਟਾਉਣ ਲਈ ਲੱਗਭਗ 900 ਕੈਨੇਡੀਅਨ ਏਅਰ ਟਰਾਂਸਪੋਰਟ ਸਕਿਊਰਿਟੀ ਅਥਾਰਟੀ ਸਕਰੀਨਿੰਗ ਅਧਿਕਾਰੀਆਂ ਨੂੰ ਹਾਇਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਨੇ ਆਖਿਆ ਕਿ ਉਨ੍ਹਾਂ ਵੱਲੋਂ 11 ਜੂਨ ਤੋਂ ਸਾਰੇ ਏਅਰਪੋਰਟਸ ਉੱਤੇ ਅਚਨਚੇਤੀ ਕੋਵਿਡ-19 ਟੈਸਟਿੰਗ ਵੀ ਸਸਪੈਂਡ ਕਰ ਦਿੱਤੀ ਗਈ ਹੈ। ਸੋਮਵਾਰ ਤੋਂ ਘਰੇਲੂ ਤੇ ਬਾਹਰ ਜਾਣ ਵਾਲੇ ਇੰਟਰਨੈਸ਼ਨਲ ਟਰੈਵਲਰਜ਼ ਨੂੰ ਹੁਣ ਕੋਵਿਡ-19 ਖਿਲਾਫ ਵੈਕਸੀਨੇਸ਼ਨ ਦਾ ਸਬੂਤ ਨਹੀਂ ਵਿਖਾਉਣਾ ਹੋਵੇਗਾ। ਪਰ ਵਿਦੇਸ਼ ਤੋਂ ਕੈਨੇਡਾ ਆਉਣ ਵਾਲੇ ਟਰੈਵਲਰਜ਼ ਦਾ ਵੈਕਸੀਨੇਟ ਹੋਣਾ ਜ਼ਰੂਰੀ ਹੈ।

# ਬਰੈਂਪਟਨ ਦੇ ਚਾਂਦਨੀ ਕਨਵੈਨਸ਼ਨ ਸੈਂਟਰ ਉੱਤੇ ਚੱਲੀਆਂ ਗੋਲੀਆਂ, 2 ਹਲਾਕ




ਬਰੈਂਪਟਨ, 19 ਜੂਨ (ਪੋਸਟ ਬਿਊਰੋ) : ਬਰੈਂਪਟਨ ਵਿੱਚ ਸਵੇਰ ਵੇਲੇ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਦੋ ਵਿਅਕਤੀ ਮਾਰੇ ਗਏ। ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 911 ਉੱਤੇ ਤੜ੍ਹਕੇ 2:00 ਵਜੇ ਕੁਈਨ ਸਟਰੀਟ ਈਸਟ ਤੇ ਏਅਰਪੋਰਟ ਰੋਡ ਇਲਾਕੇ ਵਿੱਚ ਗੇਟਵੇਅ ਬੋਲੇਵਾਰਡ ਉੱਤੇ ਚਾਂਦਨੀ ਕਨਵੈਂਸ਼ਨ ਸੈਂਟਰ ਉੱਤੇ ਗੋਲੀਆਂ ਚੱਲਣ ਦੀ ਰਿਪੋਰਟ ਮਿਲੀ।

ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਗੋਲੀਆਂ ਲੱਗਣ ਕਾਰਨ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚੋਂ ਹੀ ਇੱਕ ਵਿਅਕਤੀ ਨੂੰ ਮੌਕੇ ਉੱਤੇ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਜਿੱਥੇ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ। ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਗਈ ਹੈ। ਕਿਸੇ ਵੀ ਮਸ਼ਕੂਕ ਜਾਂ ਗੱਡੀ ਬਾਰੇ ਕੋਈ ਵੇਰਵਾ ਹਾਲ ਦੀ ਘੜੀ ਜਾਰੀ ਨਹੀਂ ਕੀਤਾ ਗਿਆ ਹੈ।

ਪੁਲਿਸ ਵੱਲੋਂ ਅਜਿਹੇ ਚਸ਼ਮਦੀਦਾਂ ਨੂੰ ਸਾਹਮਣੇ ਆਉਣ ਦੀ ਅਪੀਲ ਕੀਤੀ ਗਈ ਹੈ ਜਿਹੜੇ ਗੋਲੀ ਚੱਲਣ ਮੌਕੇ ਕਿਸੇ ਈਵੈਂਟ ਵਿੱਚ ਹਿੱਸਾ ਲੈ ਰਹੇ ਹੋਣ ਤੇ ਜਿਨ੍ਹਾਂ ਕੋਲ ਇਸ ਸਬੰਧ ਵਿੱਚ ਕੋਈ ਜਾਣਕਾਰੀ ਹੋਵੇ। ਬੈਂਕੁਏਟ ਹਾਲ ਦੇ ਜਨਰਲ ਮੈਨੇਜਰ ਰਿਚਰਡ ਮਾਰਸ਼ਲ ਨੇ ਦੱਸਿਆ ਕਿ ਗੋਲੀ ਉਸ ਸਮੇਂ ਚੱਲੀ ਜਦੋਂ ਹਾਲ ਵਿੱਚ ਫਾਦਰਜ਼ ਡੇਅ ਬਾਲ ਈਵੈਂਟ ਚੱਲ ਰਿਹਾ ਸੀ।

ਰਿਚਰਡ ਮਾਰਸ਼ਲ ਨੇ ਦੱਸਿਆ ਕਿ ਬਿਲਡਿੰਗ ਦੇ ਬਾਹਰ ਲੱਗੇ ਸਰਵੇਲੈਂਸ ਕੈਮਰਿਆਂ ਤੋਂ ਪਤਾ ਲੱਗਿਆ ਹੈ ਕਿ ਮਸ਼ਕੂਕ ਈਵੈਂਟ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਸ਼ੂਟਿੰਗ ਤੋਂ ਪਹਿਲਾਂ ਸਕਿਊਰਿਟੀ ਵੱਲੋਂ ਉਨ੍ਹਾਂ ਨੂੰ ਬਾਹਰ ਕਰ ਦਿੱਤਾ ਗਿਆ। ਮਾਰਸ਼ਲ ਨੇ ਦੱਸਿਆ ਕਿ ਸਾਰੀ ਫੁਟੇਜ ਜਾਂਚ ਲਈ ਪੁਲਿਸ ਨੂੰ ਮੁਹੱਈਆ ਕਰਵਾ ਦਿੱਤੀ ਗਈ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਨੂੰ ਕਾਬੂ ਕਰ ਲਿਆ ਜਾਵੇਗਾ।

ਮਾਰਸ਼ਲ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਈਵੈਂਟਸ ਲਈ ਪੀਲ ਪੁਲਿਸ ਨੂੰ ਪੁਲਿਸ ਅਧਿਕਾਰੀਆਂ ਦੀ ਡਿਊਟੀ ਲਾਉਣ ਦੀ ਅਪੀਲ ਕੀਤੀ ਗਈ ਸੀ ਪਰ ਛੇਵੀਂ ਵਾਰੀ ਵੀ ਇਹ ਅਪੀਲ ਠੁਕਰਾ ਦਿੱਤੀ ਗਈ। ਮਾਰਸ਼ਲ ਨੇ ਆਖਿਆ ਕਿ ਪੁਲਿਸ ਨੂੰ ਪੇਡ ਡਿਊਟੀ ਲਈ ਕੀਤੀ ਇਹ ਅਪੀਲ ਕਿਉਂ ਠੁਕਰਾਈ ਗਈ ਇਸ ਪਿੱਛੇ ਕੋਈ ਕਾਰਨ ਨਹੀਂ ਦੱਸਿਆ ਗਿਆ।

## ਸਕਾਰਬਰੋ ਵਿੱਚ ਗੋਲੀ ਲੱਗਣ ਕਾਰਨ ਚਾਰ ਜ਼ਖ਼ਮੀ

ਟੋਰਾਂਟੋ, 19 ਜੂਨ (ਪੋਸਟ ਬਿਊਰੋ) : ਐਤਵਾਰ ਸ਼ਾਮ ਨੂੰ ਸਕਾਰਬਰੋ ਵਿੱਚ ਗੋਲੀ ਲੱਗਣ ਕਾਰਨ ਚਾਰ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਮੈਕੋਵਨ ਰੋਡ ਤੇ ਮਿਲਨਰ ਐਵਨਿਊ ਵਿੱਚ ਗੋਲੀਆਂ ਚੱਲਣ ਕਾਰਨ ਕਈ ਵਿਅਕਤੀਆਂ ਦੇ ਜ਼ਖ਼ਮੀ ਹੋਣ ਦੀਆਂ ਕਈ ਖਬਰਾਂ ਮਿਲੀਆਂ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਚਾਰ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਈਐਮਐਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੈ ਤੇ ਦੋ ਹੋਰਨਾਂ ਦੀ ਹਾਲਤ ਵੀ ਨਾਜ਼ੁਕ ਹੈ ਜਦਕਿ ਇੱਕ ਮਹਿਲਾ ਮਾਮੂਲੀ ਜ਼ਖ਼ਮੀ ਹੈ।

ਇਨ੍ਹਾਂ ਚਾਰਾਂ ਨੂੰ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ। ਅਜੇ ਤੱਕ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ। ਪੁਲਿਸ ਨੇ ਦੱਸਿਆ ਕਿ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ।

# ਬੱਸ ਉੱਤੇ ਮਹਿਲਾ ਨੂੰ ਅੱਗ ਲਾਉਣ ਵਾਲੇ ਵਿਅਕਤੀ ਨੂੰ ਕੀਤਾ ਗਿਆ ਚਾਰਜ



ਟੋਰਾਂਟੋ, 19 ਜੂਨ (ਪੋਸਟ ਬਿਊਰੋ) : ਟੀਟੀਸੀ ਦੀ ਬੱਸ ਉੱਤੇ ਇੱਕ ਮਹਿਲਾ ਨੂੰ ਅੱਗ ਲਾ ਕੇ ਸਾੜਨ ਦੇ ਮਾਮਲੇ ਨੂੰ ਟੋਰਾਂਟੋ ਪੁਲਿਸ ਹੇਟ ਕ੍ਰਾਈਮ ਵਜੋਂ ਵੇਖ ਕੇ ਜਾਂਚ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਇਸ ਸਬੰਧ ਵਿੱਚ ਇੱਕ ਵਿਅਕਤੀ ਨੂੰ ਚਾਰਜ ਕੀਤਾ ਗਿਆ ਹੈ। ਇਹ ਘਟਨਾ ਕਿਪਲਿੰਗ ਸਟੇਸ਼ਨ ਉੱਤੇ ਸ਼ੁੱਕਰਵਾਰ ਨੂੰ ਦੁਪਹਿਰੇ 12:30 ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਬੱਸ ਵਿੱਚ ਸਵਾਰ ਇੱਕ ਵਿਅਕਤੀ ਨੇ ਕਥਿਤ ਤੌਰ ਉੱਤੇ ਇੱਕ ਮਹਿਲਾ ਪੈਸੈਂਜਰ ਉੱਤੇ ਕੋਈ ਲਿਕਿਉਇਡ ਪਾਇਆ ਤੇ ਉਸ ਨੂੰ ਅੱਗ ਲਾ ਦਿੱਤੀ। ਇਹ ਮਹਿਲਾ ਆਪਣੇ 20ਵਿਆਂ ਵਿੱਚ ਦੱਸੀ ਜਾਂਦੀ ਹੈ। ਇਸ ਘਟਨਾ ਤੋਂ ਤੁਰੰਤ ਬਾਅਦ ਟੀਟੀਸੀ ਦੇ ਕਰਮਚਾਰੀਆਂ ਤੇ ਨੇੜੇ ਮੌਜੂਦ ਹੋਰਨਾਂ ਲੋਕਾ ਨੇ ਉਸ ਦੀ ਮਦਦ ਕੀਤੀ। ਪਰ ਉਸ ਨੂੰ ਸੈਕਿੰਡ ਤੇ ਥਰਡ ਡਿਗਰੀ ਬਰਨਜ਼ ਹੋਏ ਹਨ ਤੇ ਉਸ ਨੂੰ ਫੌਰਨ ਹਸਪਤਾਲ ਪਹੁੰਚਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਇਸ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਵਿਅਕਤੀ ਉੱਥੋਂ ਫਰਾਰ ਹੋ ਗਿਆ। ਪਰ ਉਸ ਨੂੰ ਜਲਦ ਹੀ ਹਿਰਾਸਤ ਵਿੱਚ ਲੈ ਲਿਆ ਗਿਆ। ਐਤਵਾਰ ਨੂੰ ਪੁਲਿਸ ਵੱਲੋਂ ਇਸ ਵਿਅਕਤੀ ਦੀ ਪਛਾਣ 33 ਸਾਲਾ ਟੋਰਾਂਟੋ ਵਾਸੀ ਤੈਨਜ਼ਿਨ ਨੌਰਬੂ ਵਜੋਂ ਕੀਤੀ ਗਈ। ਉਸ ਖਿਲਾਫ ਕਤਲ ਕਰਨ ਦੀ ਕੋਸ਼ਿਸ਼ ਤੇ ਹਥਿਆਰ ਨਾਲ ਹਮਲਾ ਕਰਨ ਸਮੇਤ ਚਾਰ ਚਾਰਜਿਜ਼ ਲਾਏ ਗਏ ਹਨ।

# ਅਗਨੀਪਥ ਦਾ ਵਿਰੋਧ ਕਰਦੇ ਨੌਜਵਾਨਾਂ ਨੂੰ ਫੌਜੀ ਨੌਕਰੀ ਨਹੀਂ ਮਿਲੇਗੀ

*** ਭਰਤੀ ਵੇਲੇ ਇਸ ਗੱਲ ਦਾ ਐਫੀਡੇਵਿਟ ਦੇਣਾ ਪਵੇਗਾ**



ਨਵੀਂ ਦਿੱਲੀ, 19 ਜੂਨ, (ਪੋਸਟ ਬਿਊਰੋ)-ਭਾਰਤ ਸਰਕਾਰ ਦੀ ਯੋਜਨਾ ਅਗਨੀਪਥ ਦੇ ਅਨੁਸਾਰ ਫੌਜ ਵਿੱਚ ਭਰਤੀ ਹੋਣ ਵਾਲੇ ਉਮੀਦਵਾਰਾਂ ਨੂੰ ਇਹ ਸਹੁੰ ਚੁੱਕਣੀ ਪਵੇਗੀ ਕਿ ਉਹ ਇਸ ਸਕੀਮ ਦੇ ਵਿਰੁੱਧ ਚੱਲਦੇ ਸੰਘਰਸ਼ ਦੇ ਦੌਰਾਨ ਕਿਸੇ ਵੀ ਤਰ੍ਹਾਂ ਦੀ ਅੱਗਜ਼ਨੀ ਜਾਂ ਵਿਰੋਧ ਪ੍ਰਦਰਸ਼ਨ ਦਾ ਹਿੱਸਾ ਨਹੀਂ ਬਣੇ ਸਨ।

ਇਸ ਸੰਬੰਧ ਵਿੱਚ ਰੱਖਿਆ ਮੰਤਰਾਲੇ ਦੇ ਐਡੀਸ਼ਨਲ ਸੈਕਟਰੀ ਲੈਫਟੀਨੈਂਟ ਜਨਰਲ ਅਨਿਲ ਪਾਂਡੇ ਨੇ ਕਿਹਾ ਹੈ ਕਿ 'ਡਿਸਿਪਲਿਨ ਭਾਰਤੀ ਫੌਜ ਦੀ ਨੀਂਹ ਹੈ, ਇਸ ਵਿੱਚ ਸਾੜ-ਫੂਕ ਜਾਂ ਵਿਰੋਧ ਦੀ ਕੋਈ ਥਾਂ ਨਹੀਂ। ਸਭ ਨੂੰ ਸਬੂਤ ਦਾ ਐਫੀਡੇਵਿਟ ਦੇਣਾ ਹੋਵੇਗਾ ਕਿ ਉਨ੍ਹਾਂ ਨੇ ਕਿਸੇ ਤਰ੍ਹਾਂ ਦੇ ਵਿਰੋਧ ਜਾਂ ਭੰਨ-ਤੋੜ ਵਿੱਚ ਹਿੱਸਾ ਨਹੀਂ ਲਿਆ।

...ਬਾਕੀ ਪੰਨਾ 3 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਵਧਦੀ ਜਾ ਰਹੀ ਮਹਿੰਗਾਈ ਦਾ ਵੱਖ ਰੱਫੜ,
ਪੁਆੜਾ ਈ ਅਮਨ-ਕਾਨੂੰਨ ਦਾ ਵੱਖ ਬੇਲੀ।
ਮੁੰਡੇ-ਕੁੜੀਆਂ ਰੁਜ਼ਗਾਰਾਂ ਲਈ ਮੰਗ ਕਰਦੇ,
ਪੋਸਟਾਂ ਵਿਹਲੀਆਂ ਕਹਿਣ ਕਈ ਲੱਖ ਬੇਲੀ।
ਧਰਨੇ ਲਾਉਂਦੇ, ਮੁਜ਼ਾਹਰੇ ਹਨ ਕਰੀ ਜਾਂਦੇ,
ਕਿਧਰੇ ਡਿੱਠਾ ਨਹੀਂ ਲੱਭ ਰਿਹਾ ਕੱਖ ਬੇਲੀ।
ਲੀਡਰ ਲੋਕਾਂ ਲਈ ਫਿਕਰ ਆ ਘੱਟ ਕਰਦੇ,
ਭਟਕਦੀ ਕੁਰਸੀਆਂ'ਤੇ ਰਹਿੰਦੀ ਅੱਖ ਬੇਲੀ।
ਮਿਲ ਗਈ ਕਿਸੇ ਨੂੰ ਰੋਟੀ ਜਾਂ ਮਿਲੀ ਨਾਹੀਂ,
ਇਹਦਾ ਫਿਕਰ ਨਹੀਂ ਕਿਸੇ ਨੂੰ ਖਾਸ ਬੇਲੀ।
ਸੁਫਨਾ ਵਿੰਹਦਿਆਂ ਬੀਤ ਗਈ ਸਦੀ ਪੌਣੀ,
ਦਿੱਸਦੀ ਅੱਗੇ ਵੀ ਕੋਈ ਨਹੀਂ ਆਸ ਬੇਲੀ।

**ਤੀਸ ਮਾਰ ਖਾਂ**

# ਭਗਵੰਤ ਮਾਨ ਦਾ ਐਲਾਨ: ਪੰਜਾਬ ਦੇ ਵਪਾਰੀਆਂ ਲਈ ਸਿੰਗਲ ਵਿੰਡੋ ਯੋਜਨਾ ਸ਼ੁਰੂ ਕੀਤੀ ਜਾਵੇਗੀ



ਸੰਗਰੂਰ, 19 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਹੈ ਕਿ ''ਪੰਜਾਬ ਸਰਕਾਰ ਕਾਰੋਬਾਰੀਆਂ ਤੇ ਉਦਯੋਪਤੀਆਂ ਲਈ ਈ-ਗਵਰਨਮੈਂਟ ਦੇ ਤਹਿਤ ਸਿੰਗਲ ਵਿੰਡੋ ਵਿਵਸਥਾ ਲਾਗੂ ਕਰੇਗੀ ਤਾਂ ਜੋ ਕਾਰੋਬਾਰ ਅਤੇ ਉਦਯੋਗ ਲਾਉਣ ਵਿਚ ਆ ਰਹੀਆਂ ਮੁਸ਼ਕਿਲਾਂ ਦਾ ਸੌਖੇ ਤਰੀਕੇ ਨਾਲ ਹੱਲ ਹੋ ਸਕੇ ਅਤੇ ਇੰਡਸਟਰੀ ਤੇਜ਼ੀ ਨਾਲ ਅੱਗੇ ਵਧ ਸਕੇ।''

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨਾਲ ਇੱਥੇ ਸੰਗਰੂਰ ਲੋਕ ਸਭਾ ਹਲਕੇ ਵਿੱਚਕਾਰੋਬਾਰੀਆਂ ਅਤੇ ਉਦਯੋਪਤੀਆਂ ਨੂੰ ਬਰਨਾਲਾ, ਸੰਗਰੂਰ ਤੇ ਸੁਨਾਮ ਵਿਚ ਵਿਸ਼ੇਸ਼ ਤੌਰ ਉੱਤੇ ਮਿਲਣ ਆਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਿੰਗਲ ਵਿੰਡੋ ਸਿਸਟਮ ਲਾਗੂ ਹੋਣ ਨਾਲ ਕਾਰੋਬਾਰੀਆਂ ਅਤੇ ਉਦਯੋਗਪਤੀਆਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਉਹ ਸੌਖੇ ਤੇ ਪਾਰਦਰਸ਼ੀ ਢੰਗ ਨਾਲ ਐੱਨਓਸੀ (ਨੋ ਆਬਜੈਕਸ਼ਨ ਸਰਟੀਫਿਕੇਟ)ਅਤੇ ਹੋਰ ਮਨਜ਼ੂਰੀਆਂ ਲੈ ਸਕਣਗੇ।ਮੁੱਖ ਮੰਤਰੀ ਨੇ ਕਿਹਾ ਕਿ ਹਾਲੇ ਤੱਕ ਪਿਛੜੇ ਹੋਏ ਜ਼ਿਲ੍ਹੇ ਵਜੋਂ ਜਾਣੇ ਜਾਂਦੇ ਸੰਗਰੂਰ ਵਿਚ ਹਸਪਤਾਲ, ਸਕੂਲ, ਕਾਲਜ, ਕੰਪਨੀਆਂ ਦੇ ਦਫ਼ਤਰ ਤੇ ਉਦਯੋਗ ਲਾ ਕੇ ਇਸ ਨੂੰ ਪੰਜਾਬ ਦਾ ਰੋਲ ਮਾਡਲ ਜ਼ਿਲ੍ਹਾ ਬਣਾਇਆ ਜਾਵੇਗਾ।ਏਥੇ ਰੋਜ਼ਗਾਰ ਮਿਲਣਗੇਅਤੇ ਹਲਕੇਦੇਨੌਜਵਾਨਾਂ ਵਿੱਚੋਂ ਬੇਰੋਜ਼ਗਾਰੀ ਖ਼ਤਮ ਹੋਵੇਗੀ। ਉਨ੍ਹਾਂ ਕਿਹਾ ਕਿ ਤਿੰਨ ਮਹੀਨਿਆਂ ਵਿੱਚ 6 ਹਜ਼ਾਰ ਏਕੜ ਪੰਚਾਇਤੀ ਜ਼ਮੀਨ ਤੋਂ ਕਬਜ਼ੇ ਛੁਡਵਾਏ ਗਏ ਹਨ ਅਤੇ ਜਲਦੀ ਹੀ 60 ਹਜ਼ਾਰ ਏਕੜ ਪੰਚਾਇਤੀ ਅਤੇ ਸਰਕਾਰੀ ਜ਼ਮੀਨ ਤੋਂ ਪ੍ਰਭਾਵਸ਼ਾਲੀ ਲੋਕਾਂ ਦੇ ਕਬਜ਼ੇ ਛੁਡਾਉਣ ਲਈ ਕਾਰਵਾਈ ਸ਼ੁਰੂ ਕੀਤੀ ਜਾਵੇਗੀ।

ਇਸ ਮੌਕੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਕਾਰਜਸ਼ੈਲੀ ਬਹੁਤ ਸ਼ਲਾਘਾਯੋਗ ਹੈ, ਜੋ ਹਰ ਸਮੇਂ ਲੋਕ ਪੱਖੀ ਫ਼ੈਸਲੇ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਤਿੰਨ ਮਹੀਨਿਆਂ ਵਿੱਚ ਲੋਕਾਂ ਅਤੇ ਵਪਾਰੀਆਂ ਦੀ ਸੌਖ ਲਈ ਮਾਨ ਸਰਕਾਰ ਨੇ ਚੰਗੇ ਕੰਮ ਕੀਤੇ ਅਤੇ ਸਰਕਾਰੀ ਵਿਭਾਗਾਂਤੋਂ ਭ੍ਰਿਸ਼ਟਾਚਾਰ ਖ਼ਤਮ ਕਰ ਕੇ ਉਦਯੋਪਤੀਆਂ ਨੂੰ ਚੋਖੀ ਰਾਹਤ ਦਿੱਤੀ ਹੈ।ਵਰੋਧੀਆਂ ਬਾਰੇ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਦੇ ਆਗੂ ਆਪਣੀਆਂ ਤਿਜ਼ੌਰੀਆਂ ਭਰਨਰੁੱਝੇ ਸਨ ਅਤੇ ਸਰਕਾਰੀ ਯੋਜਨਾਵਾਂ ਵਿੱਚ ਭ੍ਰਿਸ਼ਟਾਚਾਰ ਕਰਦੇ ਸਨ, ਪਰ ਮਾਨ ਸਰਕਾਰ ਪੰਜਾਬ ਦਾ ਮਾਣ ਸਨਮਾਨਬਹਾਲ ਕਰਨ ਲਈ ਮਿਹਨਤ ਕਰ ਰਹੀ ਹੈ।

# ਸਿੱਧੂ ਮੂਸੇਵਾਲਾ ਨੂੰ ਅਸੈਂਬਲੀ ਚੋਣਾਂ ਵੇਲੇ ਵੀ ਮਾਰਨ ਨੂੰ ਫਿਰਦੇ ਸੀ



ਚੰਡੀਗੜ੍ਹ, 19 ਜੂਨ, (ਪੋਸਟ ਬਿਊਰੋ)-ਪੰਜਾਬੀ ਗਾਇਕ ਸਿੱਧੂਮੂਸੇਵਾਲਾ ਕਤਲ ਕੇਸਵਿੱਚਨਵਾਂ ਖ਼ੁਲਾਸਾ ਹੋਇਆ ਹੈ ਕਿਦੋਸ਼ੀਆਂ ਨੇ ਵਿਧਾਨ ਸਭਾ ਚੋਣਾਂ ਵਿੱਚ ਵੀ ਸਿੱਧੂਮੂਸੇਵਾਲਾ ਨੂੰ ਮਾਰਨ ਦੀ ਯੋਜਨਾ ਬਣਾਈ ਸੀ। ਉਦੋਂ 4 ਜਣੇ ਮਾਨਸਾ ਦੇ ਪਿੰਡ ਰੱਲਾ ਵਿੱਚ ਠਹਿਰੇ ਸਨ, ਜੋ ਚਾਰੇ ਸ਼ਾਰਪ ਸ਼ੂਟਰ ਹੋ ਸਕਦੇ ਹਨ। ਪੁਲਸ ਨੇ ਇਨ੍ਹਾਂ ਨੂੰ ਠਹਿਰਨਦੇ ਪ੍ਰਬੰਧ ਕਰਨ ਵਾਲੇ ਗੈਂਗਸਟਰ ਮਨਮੋਹਨ ਸਿੰਘ ਮੋਹਣਾ ਨੂੰ ਜ਼ਿਲ੍ਹਾ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ਉੱਤੇ ਲਿਆ ਕੇ ਅਦਾਲਤ ਤੋਂ ਇਸ ਦਾ ਪੰਜ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ, ਤਾਂ ਕਿ ਜਾਂਚ ਅੱਗੇ ਵਧਾਈ ਜਾ ਸਕੇ।

ਜਾਣਕਾਰ ਸੂਤਰਾਂ ਮੁਤਾਬਕ ਮੋਹਣਾ ਨੇ ਬੀਤੇ ਜਨਵਰੀ-ਫਰਵਰੀ ਵਿੱਚ ਵਿਧਾਨ ਸਭਾ ਚੋਣਾਂ ਮੌਕੇਸਿੱਧੂਮੂਸੇਵਾਲਾ ਦੀ ਰੇਕੀ ਕੀਤੀ ਸੀ। ਉਸ ਨੂੰ ਇਹ ਕੰਮ ਮਾਨਸਾ ਦਾ ਹੋਣ ਕਾਰਨਦਿੱਤਾ ਗਿਆ ਸੀ।ਦੱਸਿਆਗਿਆ ਹੈ ਕਿ ਉਸ ਨੇ ਚੋਣਾਂ ਸਮੇਂ ਮੂਸੇਵਾਲਾ ਦੀਆਂ ਰੈਲੀਆਂ ਤੇ ਲੋਕਾਂ ਨੂੰ ਮਿਲਣ ਦੀ ਸਾਰੀ ਸੂਹਦਿੱਤੀ ਸੀ। ਪੁਲਸ ਜਾਂਚ ਤੋਂਪਤਾ ਲੱਗਾ ਹੈ ਕਿ ਚਾਰ ਜਣੇ ਜਨਵਰੀ ਵਿੱਚ ਮਾਨਸਾ ਪਹੁੰਚੇ ਅਤੇ ਮੋਹਣਾ ਦੇ ਘਰ ਠਹਿਰੇ ਸਨ।ਉਹ ਚਾਰੇ ਜਣੇ ਵੱਖ-ਵੱਖ ਸਮੇਂਸਿੱਧੂਮੂਸੇਵਾਲਾ ਨੂੰ ਦੇਖਣ ਗਏ ਸਨ, ਪਰ ਚੋਣਾਂ ਮੌਕੇਮੂਸੇਵਾਲਾ ਦੀ ਸੁਰੱਖਿਆ ਸਖ਼ਤ ਸੀ ਤੇ ਉਸ ਨੂੰ ਇੱਕ ਪਾਇਲਟ ਅਤੇ 10 ਕਮਾਂਡੋ ਮਿਲੇ ਹੋਣ ਕਾਰਨ ਗੈਂਗਸਟਰਾਂ ਨੂੰ ਹਮਲੇ ਦਾ ਮੌਕਾ ਨਹੀਂ ਸੀ ਮਿਲਿਆ। ਚੋਣਾਂ ਵਿੱਚਮੂਸੇਵਾਲਾ ਦੀ ਹਾਰ ਅਤੇ ਸਰਕਾਰ ਵੱਲੋਂ ਸੁਰੱਖਿਆ ਘਟਾਉਣ ਪਿੱਛੋਂ ਉਨ੍ਹਾਂ ਨੇਮੌਕਾ ਮਿਲਦੇ ਸਾਰ 29 ਮਈ ਨੂੰ ਉਸ ਦਾ ਕਤਲ ਕਰ ਦਿੱਤਾ।

ਟਰੱਕ ਯੂਨੀਅਨ ਦਾ ਸਾਬਕਾ ਪ੍ਰਧਾਨ ਅਤੇ ਸਾਬਕਾ ਕਬੱਡੀ ਖਿਡਾਰੀ ਮੋਹਣਾ ਕਾਫੀ ਦਿਨਾਂ ਤੋਂ ਜ਼ਿਲ੍ਹਾ ਜੇਲ੍ਹ ਮਾਨਸਾ ਵਿੱਚ ਬੰਦ ਸੀ, ਜਿੱਥੋਂ ਪੁਲਸ ਨੇ ਉਸ ਨੂੰ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਂਦਾ ਹੈ।ਉਹਦੇ ਉੱਤੇ ਕਤਲ ਤੇ ਇਰਾਦਾ ਕਤਲ ਸਮੇਤ ਕਈ ਵੱਡੇ ਕੇਸ ਦਰਜ ਹਨ।ਉਸ ਨੂੰ ਮਾਰਚ ਵਿੱਚ ਪਟਿਆਲਾਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।ਪਤਾ ਲੱਗਾ ਹੈ ਕਿ ਉਸੇ ਨੇ ਮੂਸੇਵਾਲਾ ਦੇ ਪਿੰਡ ਮੂਸਾ ਤੋਂ ਪੰਜਾਬ ਤੇ ਹਰਿਆਣਾ ਵੱਲ ਭੱਜਣ ਦੇਰਾਹਾਂ ਦੀ ਜਾਣਕਾਰੀ ਦਿੱਤੀ ਸੀ। ਪੁਲਸ ਨੂੰ ਸ਼ੱਕ ਹੈ ਕਿ ਜਿਸ ਰੂਟ ਪਲਾਨ ਉੱਤੇਮੂਸੇਵਾਲਾ ਦੇ ਕਾਤਲ ਭੱਜੇ ਸਨ, ਉਹ ਰੂਟ ਮੋਹਣੇ ਨੇ ਬਣਾਇਆ ਸੀ।

## ਅਗਨੀਪਥ ਦਾ ਵਿਰੋਧ ਕਰਦੇ ਨੌਜਵਾਨਾਂ ਨੂੰ ਫੌਜੀ ਨੌਕਰੀ ਨਹੀਂ ਮਿਲੇਗੀ

ਪੰਨਾ 1 ਦਾ ਬਾਕੀ

ਇਸ ਦੇ ਲਈ ਪੁਲਿਸ ਤੋਂ ਸੌ ਫੀਸਦੀ ਤਸਦੀਕ ਕਰਾਉਣੀ ਹੋਵੇਗੀ।' ਲੈਫਟੀਨੈਂਟ ਜਨਰਲ ਅਰੁਣ ਪੁਰੀ ਨੇ ਕਿਹਾ ਕਿ ਜਿਸ ਉਮੀਦਵਾਰਵਿਰੁੱਧ ਸ਼ਿਕਾਇਤ ਦਰਜ ਕੀਤੀ ਮਿਲੀ, ਉਹ ਫੌਜ ਵਿੱਚ ਭਰਤੀ ਨਹੀਂ ਹੋ ਸਕਦਾ, ਉਮੀਦਵਾਰਾਂ ਨੂੰ ਲਿਖਤੀ ਰੂਪ ਵਿੱਚ ਦੇਣਾ ਪਵੇਗਾ ਕਿ ਉਨ੍ਹਾਂ ਨੇ ਅੱਗਜ਼ਨੀ ਜਾਂ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਨਹੀਂ ਲਿਆ। ਵਰਨਣ ਯੋਗ ਹੈ ਕਿ ਭਾਰਤ ਸਰਕਾਰ ਵੱਲੋਂਫੌਜੀ ਭਰਤੀ ਲਈ ਨਵੀਂ ਲਿਆਂਦੀ ਗਈ 'ਅਗਨੀਪਥ' ਯੋਜਨਾ ਦਾ ਲਗਾਤਾਰ ਵਿਰੋਧ ਹੋ ਰਿਹਾ ਹੈ। ਬਿਹਾਰ ਵਿੱਚ ਪ੍ਰਦਰਸ਼ਨਕਾਰੀਆਂ ਨੇ ਐਤਵਾਰ ਨੂੰ ਪਟਨਾ ਜ਼ਿਲ੍ਹੇ ਵਿਚਲੇ ਤਾਰੇਗਨਾ ਰੇਲਵੇ ਸਟੇਸ਼ਨ ਉੱਤੇ ਜੀਆਰਪੀ ਦੀਇੱਕਗੱਡੀਸਾੜ ਦਿੱਤੀ ਅਤੇ ਜਹਾਨਾਬਾਦ ਵਿੱਚ ਹੋਏ ਪਥਰਾਅ ਨਾਲ ਕਈ ਪੁਲਿਸ ਵਾਲੇ ਜ਼ਖ਼ਮੀ ਹੋ ਗਏ। 'ਅਗਨੀਪਥ' ਯੋਜਨਾ ਖਿਲਾਫ ਚੱਲਦੇ ਪ੍ਰਦਰਸ਼ਨਾਂ ਕਾਰਨ ਅੱਜ 369 ਰੇਲ ਗੱਡੀਆਂ ਕਰਨੀਆਂ ਪਈਆਂ, ਜਿਨ੍ਹਾਂਵਿੱਚ 210 ਮੇਲ/ਐਕਸਪ੍ਰੈੱਸ ਅਤੇ 159 ਲੋਕਲ ਯਾਤਰੀ ਟਰੇਨਾਂ ਸ਼ਾਮਲ ਹਨ।

# ਸੁਖਬੀਰ ਬਾਦਲ ਦੀ ਭਗਵੰਤ ਮਾਨ ਨੂੰ ਚੁਣੌਤੀ: ਹਿੰਮਤ ਹੈ ਤਾਂ ਸੁੱਖ ਵਿਲਾਸ ਹੋਟਲ ਦੇ ਕਾਗਜ਼ ਕੱਢਵਾ ਕੇ ਵੇਖ ਲਉ

ਸੰਗਰੂਰ, 19 ਜੂਨ, (ਪੋਸਟ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਨੇਚੰਡੀਗੜ੍ਹ ਨੇੜੇ ਬਣਾਏ ਬਾਦਲ ਪਰਵਾਰ ਦੇ ਸੁੱਖ ਵਿਲਾਸ ਹੋਟਲ ਬਾਰੇ ਜਿਹੜਾ ਬਿਆਨ ਦਿੱਤਾ ਸੀ, ਸੁਖਬੀਰ ਸਿੰਘ ਬਾਦਲ ਨੇ ਅੱਜ ਉਸ ਦਾ ਮੋੜਵਾਂ ਜਵਾਬ ਦਿੱਤਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲਲਕਾਰਦਿਆਂ ਕਿਹਾ ਹੈ ਕਿ 'ਜੇ ਹਿੰਮਤ ਹੈ ਤਾਂ ਕਾਰਵਾਈ ਕਰਕੇ ਦਿਖਾਓ, ਦੇਰ ਕਿਉਂ ਕਰੀ ਜਾ ਰਹੇ ਹੋ। ਹਿੰਮਤ ਹੋਵੇ ਤਾਂ ਪੇਪਰ ਕੱਢਵਾ ਕੇ ਵਿਖਾਓ।'

*** ਬਾਦਲਾਂ ਨੇ ਸਿੱਖ ਫੜਾਏ ਸੀ, ਅਸੀਂ ਛੁਡਾਵਾਂਗੇ : ਸਿਮਰਨਜੀਤ ਮਾਨ**

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਝੂਠ ਬੋਲਣਾ ਬਹੁਤ ਸੌਖਾ ਹੈ, ਮੈਨੂੰ ਕਾਗਜ਼ ਦਿਖਾਓ, ਜੋ ਇਹ ਸਾਬਤ ਕਰੇਕਿ ਅਸੀਂ ਕੁਝ ਗਲਤ ਕੀਤਾ ਹੈ। ਉਨ੍ਹਾ ਕਿਹਾ ਕਿ 'ਭਗਵੰਤ ਮਾਨ ਸ਼ਰਾਬ ਪੀ ਕੇ ਬੈਠਾ ਰਹਿੰਦਾ ਹੈ, ਉਸ ਨੂੰ ਕੁਝ ਨਹੀਂ ਪਤਾ। ਕੇਜਰੀਵਾਲ ਸਰਕਾਰ ਚਲਾ ਰਿਹਾ ਹੈ।ਸੰਗਰੂਰ ਚੋਣਾਂ ਵਿਚ ਆਮ ਆਦਮੀ ਪਾਰਟੀ ਤੀਸਰੇ ਥਾਂ ਆਵੇਗੀ।'ਇਸ ਦੇ ਨਾਲ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਸਿਮਰਨਜੀਤ ਸਿੰਘ ਮਾਨ ਦੇਸ਼ ਤੇ ਪੰਜਾਬ ਵਿਚ ਸ਼ਾਂਤੀ ਨਹੀਂ ਚਾਹੁੰਦੇ, ਅਸੀਂ ਉਨ੍ਹਾ ਨੂੰ ਖੁੱਲ੍ਹੀ ਪੇਸ਼ਕਸ਼ ਕੀਤੀ ਕਿ 2024 ਵਿੱਚ ਤੁਹਾਡਾ ਸਾਥ ਦੇਵਾਂਗੇ, ਪਰ ਉਹ ਮੰਨੇ ਨਹੀਂ ਸੀ। ਸਿਮਰਨਜੀਤ ਸਿੰਘ ਮਾਨ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੀ ਕਾਂਗਰਸ ਦੇ ਹੱਕ ਵਿੱਚਵੀ ਬਿਆਨ ਦੇਂਦੇ ਹਨ।' ਉਨ੍ਹਾਂ ਨੇ ਕਿਹਾ ਕਿ ਅਗਨੀਪਥ ਸਕੀਮ ਗਲਤ ਹੈ, ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਹਾਂਗਾ ਕਿ ਤੁਸੀਂ ਪਹਿਲਾਂ ਕਿਸਾਨਾਂ ਵਿਰੁੱਧ ਕਾਨੂੰਨ ਲਿਆਏ ਤੇ ਫਿਰ ਵਾਪਸ ਲੈਣੇ ਪਏ ਸਨ, ਅਜਿਹਾ ਕੋਈ ਫੈਸਲਾ ਨਾ ਲਉ, ਜਿਸ ਨਾਲ ਦੇਸ਼ ਦੀ ਸ਼ਾਂਤੀ ਭੰਗ ਹੋਵੇ।

ਦੂਸਰੇ ਪਾਸੇ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਸਿਮਰਨਜੀਤ ਸਿੰਘ ਮਾਨ ਨੇ ਅੱਜ ਰੋਡ ਸ਼ੋਅ ਦੇ ਦੌਰਾਨ ਬੜ੍ਹਕ ਮਾਰੀ ਤੇ ਆਖਿਆ ਕਿ ਖੁਦ ਹੀ ਵੇਖ ਲਵੋ ਕਿ ਮੁਕਾਬਲੇ ਵਿੱਚ ਕਿਹੜਾ ਮਾਨ ਤਕੜਾ ਹੈ। ਉਨ੍ਹਾਂ ਕਿਹਾ ਕਿ ਸੰਗਰੂਰਇਲਾਕੇ ਤੋਂ ਅਨਾਜ ਪੂਰੀ ਦੁਨੀਆ ਤੱਕ ਪਹੁੰਚਦਾ ਹੈ, ਇਸ ਨੂੰ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਮੇਰੀ ਹੋਵੇਗੀ। ਭਾਜਪਾ ਦੀ ਕੇਂਦਰ ਸਰਕਾਰ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਿਸੇ ਸਿੱਖ ਨੂੰ ਮੰਤਰੀ ਨਹੀਂ ਬਣਾਇਆ, ਸਿੱਖਾਂ ਨੂੰ ਸੁਰੱਖਿਆ, ਵਿੱਤ ਤੇ ਵਿਦੇਸ਼ ਵਰਗੇ ਵਿਭਾਗ ਮਿਲਦੇ ਰਹੇ ਹਨ, ਪਰ ਇਸ ਵਾਰ ਕੋਈ ਥਾਂ ਨਹੀਂ ਰੱਖੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਜਾਣਦਾ ਹੈ ਕਿ ਕਿ ਉਨ੍ਹਾਂ ਨੇ ਆਪਣੇ ਰਾਜ ਵਿੱਚ ਸਿੱਖਾਂ ਨੂੰ ਜੇਲ੍ਹ ਭੇਜਿਆ ਸੀ, ਅਸੀਂ ਉਨ੍ਹਾਂ ਨੂੰ ਆਜ਼ਾਦ ਕਰਾਵਾਂਗੇ।ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਜਿਹੜੇ ਬੰਦੀਸਿੱਖਾਂ ਦੀ ਰਿਹਾਈ ਦੀ ਗੱਲ ਕਰਦੇ ਹਨ, ਉਨ੍ਹਾਂ ਵਿੱਚੋਂ ਕਿਸੇ ਨੇ ਬਾਦਲਾਂ ਦਾ ਸਾਥ ਦੇਣ ਦਾ ਐਲਾਨ ਨਹੀਂ ਕੀਤਾ ਅਤੇ ਮੈਂ ਹਮੇਸ਼ਾ ਬੰਦੀ ਸਿੱਖਾਂ ਦੇ ਹੱਕਾਂ ਨੂੰ ਬਚਾਉਣ ਲਈ ਬੋਲਿਆ ਹਾਂ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
Harcharan S. Grover
Chartered Accountant
GroVerCPA Professional Corporation
214-7895 Tranmere Drive, Mississauga ON L5S 1V9

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਪੰਜਾਬ ਯੂਨੀਵਰਸਿਟੀ ਦੇ ਬਦਲਾਅ ਵਿਰੁੱਧ ਮੁੱਖ ਮੰਤਰੀ ਵੱਲੋਂ ਅਮਿਤ ਸ਼ਾਹ ਨੂੰ ਚਿੱਠੀ

ਚੰਡੀਗੜ੍ਹ, 19 ਜੂਨ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਪੱਤਰ ਲਿਖ ਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਰੂਪ ਵਿੱਚ ਕਿਸੇ ਵੀ ਤਰ੍ਹਾਂ ਦੇ ਬਦਲਾਅ ਨੂੰ ਰੋਕਣ ਲਈ ਦਖ਼ਲ ਦੀ ਮੰਗ ਕੀਤੀ ਹੈ।



ਅਮਿਤ ਸ਼ਾਹ ਤੇ ਧਰਮਿੰਦਰ ਪ੍ਰਧਾਨ ਨੂੰ ਲਿਖੇ ਪੱਤਰ ਵਿੱਚਮੁੱਖ ਮੰਤਰੀ ਭਗਵੰਤ ਮਾਨ ਨੇ ਲਿਖਿਆ ਹੈ ਕਿ ਪੰਜਾਬ ਸਰਕਾਰ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚਬਦਲਣ ਦੀ ਹਰ ਕੋਸ਼ਿਸ਼ ਦਾ ਵਿਰੋਧ ਕਰੇਗੀ। ਉਨ੍ਹਾ ਨੇ ਦੋਵਾਂ ਕੇਂਦਰੀ ਨੇਤਾਵਾਂ ਨੂੰ ਦੱਸਿਆ ਕਿ ਪੰਜਾਬ ਦੀ ਸਰਕਾਰ ਇਸਯੂਨੀਵਰਸਿਟੀ ਦੇ ਸਰੂਪ ਵਿੱਚ ਕੋਈ ਬਦਲਾਅ ਨਹੀਂ ਚਾਹੇਗੀ, ਕਿਉਂਕਿ ਇਸ ਸੰਸਥਾ ਦੀ ਇਤਿਹਾ-ਸਕ, ਸੱਭਿਆਚਾਰਕ ਤੇ ਸੂਬਾਈ ਅਹਿਮੀਅਤ ਕਾਰਨ ਪੰਜਾਬ ਦੇ ਲੋਕਾਂ ਨਾਲ ਇਸ ਦੀ ਦਿਲੀ ਅਤੇ ਜਜ਼ਬਾਤੀ ਸਾਂਝ ਹੈ। ਉਨ੍ਹਾਂ ਦੁੱਖ ਜ਼ਾਹਰ ਕੀਤਾ ਕਿ ਕੁਝ ਸਮੇਂ ਤੋਂ ਸੌੜੇ ਹਿੱਤਾਂ ਵਾਲੀਆਂ ਕੁਝ ਤਾਕਤਾਂ ਪੰਜਾਬ ਯੂਨੀਵਰਸਿਟੀ ਦੇ ਰੁਤਬੇ ਨੂੰ ਕੇਂਦਰੀ ਯੂਨੀਵਰਸਿਟੀ ਵਿੱ-ਚਬਦਲਣ ਲਈ ਇਹ ਮੁੱਦਾਚੁੱਕ ਰਹੀਆਂ ਹਨ।

ਭਗਵੰਤ ਮਾਨ ਨੇ ਦੋਵਾਂ ਨੂੰ ਯਾਦ ਕਰਵਾਇਆ ਕਿ 1966 ਵਿੱਚ ਪੰਜਾਬ ਦੇ ਪੁਨਰਗਠਨ ਦੇ ਮੌਕੇ ਪਾਰਲੀਮੈਂਟਦੇਬਣਾਏ ਪੰਜਾਬ ਪੁਨਰਗਠਨ ਐਕਟ-1966 ਦੀ ਧਾਰਾ 72 (1) ਦੇ ਨਾਲਪੰਜਾਬ ਯੂਨੀਵਰਸਿਟੀ ਨੂੰ 'ਇੰਟਰ ਸਟੇਟ ਬਾਡੀ ਕਾਰਪੋਰੇਟ' ਮੰਨਿਆ ਗਿਆ ਹੈ। ਉਨ੍ਹਾ ਕਿਹਾ ਕਿ ਯੂਨੀਵਰਸਿਟੀ ਦੇ ਇਸ ਰੁਤਬੇ ਦੀ ਪੁਸ਼ਟੀ ਅਦਾਲਤ ਵੱਲੋਂ ਪਾਸ ਕੀਤੇ ਕਈ ਫੈਸਲਿਆਂ ਵਿੱਚ ਵੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਸ਼ੁਰੂ ਤੋਂ ਲੈ ਕੇ ਪੰਜਾਬ ਵਿੱਚ ਆਪਣਾ ਕੰਮ-ਕਾਜ਼ ਨਿਰੰਤਰ ਤੇ ਬਿਨਾਂ ਰੁਕਾਵਟ ਕਰ ਰਹੀ ਹੈ।ਉਨ੍ਹਾ ਚੇਤੇ ਕਰਾਇਆ ਕਿ ਇਸ ਨੂੰ ਪੁਰਾਣੇ ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਹੁਸ਼ਿਆਰਪੁਰ ਲਿਆਂਦਾ ਗਿਆ ਤੇ ਫਿਰ ਪੰਜਾਬ ਦੀ ਅਜੋਕੀ ਰਾਜਧਾਨੀ ਚੰਡੀਗੜ੍ਹ ਲਿਆਂਦਾ ਸੀ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਦੇਫਾਜ਼ਿਲਕਾ, ਫਿਰੋਜ਼ਪੁਰ, ਹੁਸ਼ਿਆਰਪੁਰ, ਲੁਧਿਆਣਾ, ਮੋਗਾ, ਸ੍ਰੀ ਮੁਕਤਸਰ ਸਾਹਿਬ ਤੇ ਸ਼ਹੀਦ ਭਗਤ ਸਿੰਘ ਜ਼ਿਲਿਆਂਦੇ 175 ਮਾਨਤਾ ਪ੍ਰਾਪਤ ਕਾਲਜ ਇਸ ਯੂਨੀਵਰਸਿਟੀ ਨਾਲ ਜੁੜੇ ਹਨ।

ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਦਾ ਖੇਤਰੀ ਅਧਿਕਾਰ ਪੰਜਾਬ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 72 ਦੀ ਉਪ ਧਾਰਾ (4) ਦੇ ਮੁਤਾਬਕ ਇਸ ਯੂਨੀਵਰਸਿਟੀ ਦੀ ਸੰਭਾਲ ਦੀ ਗਰਾਂਟ ਸਬੰਧਤ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੇ ਕ੍ਰਮਵਾਰ 20:20:20:40 ਦੇ ਅਨੁਪਾਤ ਵਿੱਚਦੇਣੀ ਹੁੰਦੀ ਸੀ।ਉਨ੍ਹਾ ਕਿਹਾ ਕਿ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੇ ਇਸ ਭਾਈਵਾਲੀ ਵਾਲੇ ਸਮਝੌਤੇ ਤੋਂ ਹੱਥ ਖਿੱਚਣ ਦਾ ਫੈਸਲਾ ਲਿਆ ਹੈ ਅਤੇ ਹਰਿਆਣਾ ਸਰਕਾਰ ਨੇ ਆਪਣੇ ਕਾਲਜਾਂ ਦੀ ਪੰਜਾਬ ਯੂਨੀਵਰਸਿਟੀ ਦੀ ਮਾਨਤਾ ਵੀ ਵਾਪਸ ਲੈ ਲਈ ਹੈ। ਉਨ੍ਹਾਂ ਕਿਹਾ ਕਿ 1976 ਤੋਂ ਪੰਜਾਬ ਰਾਜ ਅਤੇ ਚੰਡੀਗੜ੍ਹ ਪ੍ਰਸ਼ਾਸਨ ਇਸਯੂਨੀਵਰਸਿਟੀ ਦੀ ਸੰਭਾਲ ਲਈ ਘਟੀ ਗਰਾਂਟ ਦੀ ਅਦਾਇਗੀ ਕ੍ਰਮਵਾਰ 40:60 ਫੀਸਦੀ ਅਨੁਪਾਤ ਵਿੱਚ ਕਰਦੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਲੋਂ ਹੱਥ ਖਿੱਚਣ ਦੇ ਕਾਰਨ ਵਧੇ ਬੋਝ ਤੇ ਪੰਜਾਬ ਵਿੱਚ ਨਵੀਆਂ ਯੂਨੀਵਰਸਿਟੀਆਂ ਬਣਨ ਦੇ ਬਾਵਜੂਦ ਪੰਜਾਬ ਸਰਕਾਰਇਸਯੂਨੀਵਰਸਿਟੀ ਦੀ ਮਦਦ ਜਾਰੀ ਰੱਖੇਗੀ, ਕਿਉਂਕਿ ਇਸ ਯੂਨੀਵਰਸਿਟੀ ਨੂੰ ਸੰਭਾਲਣ ਤੇ ਬਚਾਉਣ ਨਾਲ ਸਾਡੇ ਲੋਕ ਭਾਵੁਕ ਤੇ ਇਤਿਹਾਸਕ ਪੱਖੋਂ ਜੁੜੇ ਹਨ।

# ਸਿੱਪੀ-ਕਲਿਆਣੀ ਕੇਸ: ਬਚਾਅ ਪੱਖ ਨੇ ਮ੍ਰਿਤਕ ਸਿੱਪੀ ਦੀਆਂ 6 ਗਰਲਫ੍ਰੈਂਡਾਂ ਹੋਣ ਦੀ ਗੱਲ ਕਹੀ

ਚੰਡੀਗੜ੍ਹ, 19 ਜੂਨ, (ਪੋਸਟ ਬਿਊਰੋ)- ਨੈਸ਼ਨਲ ਸ਼ੂਟਰ ਤੇ ਵਕੀਲ ਸੁਖਮਨਪ੍ਰੀਤ ਸਿੰਘ ਉਰਫ਼ ਸਿੱਪੀਸਿੱਧੂ ਕਤਲ ਕੇਸ ਵਿੱਚ ਗ੍ਰਿਫ਼ਤਾਰ ਕੀਤੀ ਹਾਈ ਕੋਰਟ ਦੇ ਜੱਜ ਦੀ ਧੀ ਅਤੇ ਕਾਲਜ ਪ੍ਰੋਫੈਸਰ ਕਲਿਆਣੀ ਸਿੰਘ ਦਾ 4 ਦਿਨਾ ਰਿਮਾਂਡ ਖ਼ਤਮ ਹੋਣ ਪਿੱਛੋਂ ਅੱਜ ਸੀ ਬੀ ਆਈ ਨੇ ਉਸ ਨੂੰ ਫਿਰ ਅਦਾਲਤ ਵਿੱਚ ਪੇਸ਼ ਕੀਤਾ ਤਾਂ ਅਦਾਲਤ ਨੇ ਉਸ ਨੂੰ ਹੋਰ ਦੋ ਦਿਨਾਂ ਦੇ ਰਿਮਾਂਡ ਉੱਤੇ ਭੇਜ ਦਿੱਤਾ ਹੈ।ਸੀ ਬੀ ਆਈ ਨੇ ਅਦਾਲਤ ਤੋਂ 7 ਦਿਨ ਦਾ ਰਿਮਾਂਡ ਮੰਗਿਆ ਸੀ।

ਅਦਾਲਤ ਵਿੱਚਸੀ ਬੀ ਆਈ ਨੇ ਕਲਿਆਣੀ ਦੇ ਰਿਮਾਂਡ ਦੀ ਹੋਰ ਮੰਗ ਕਰਦਿਆਂ ਕਿਹਾ ਕਿ ਕਲਿਆਣੀ ਨੇ ਚਾਰ ਦਿਨਾਂ ਵਿੱਚਸੀ ਬੀ ਆਈ ਨੂੰ ਸਹਿਯੋਗ ਨਹੀਂ ਦਿੱਤਾ।ਸੀ ਬੀ ਆਈ ਨੇ ਕਿਹਾ ਕਿ ਸਿੱਪੀ ਕਤਲ ਕੇਸ ਵਿੱਚ ਕਲਿਆਣੀ ਦੇ ਨਾਲ ਹੋਰ ਲੋਕ ਵੀ ਹੋ ਸਕਦੇ ਹਨ ਤੇ ਕਲਿਆਣੀ ਦੇ ਪੋਲੀਗ੍ਰਾਫਿਕ ਟੈਸਟ ਦੀ ਰਿਪੋਰਟ ਵੀ ਆਉਣੀ ਬਾਕੀ ਹੈ।



ਦੂਸਰੇ ਪਾਸੇ ਕਲਿਆਣੀ ਦੇ ਵਕੀਲ ਨੇ ਸੀ ਬੀ ਆਈ ਨੂੰ ਉਸ ਦਾ ਹੋਰ ਰਿਮਾਂਡ ਦੇਣ ਦਾ ਵਿਰੋਧ ਕੀਤਾ ਤੇ ਕਿਹਾ ਕਿ ਸੀ ਬੀ ਆਈ ਕਲਿਆਣੀ ਨੂੰ ਜ਼ੁਰਮ ਮੰਨਣ ਲਈ ਮਜਬੂਰ ਕਰ ਰਹੀ ਹੈ। ਕਲਿਆਣੀ ਦੇ ਵਕੀਲ ਨੇ ਦੋਸ਼ ਲਾਇਆ ਕਿ ਮ੍ਰਿਤਕ ਸਿੱਪੀਸਿੱਧੂ ਦੇ ਪਰਿਵਾਰਨੇ ਸੀ ਬੀ ਆਈ ਦਫ਼ਤਰ ਜਾ ਕੇ ਕਲਿਆਣੀ ਨੂੰ ਧਮਕੀਆਂ ਦਿੱਤੀਆਂ ਸਨ। ਵਕੀਲ ਨੇ ਇਹ ਵੀ ਕਿਹਾ ਕਿ ਕਲਿਆਣੀ ਤੋਂ ਬਿਨਾ ਸਿੱਪੀ ਦੀਆਂ 6 ਹੋਰ ਗਰਲਫ੍ਰੈਂਡ ਸਨ, ਜਿਨ੍ਹਾਂ ਵਿੱਚੋਂ ਇੱਕ ਨਾਲ ਉਹ ਵਿਆਹ ਕਰਨਾ ਚਾਹੁੰਦਾ ਸੀ। ਉਸ ਦੀ ਦਲੀਲ ਦਾ ਵਿਰੋਧ ਕਰਦਿਆਂ ਸੀ ਬੀ ਆਈ ਵਕੀਲ ਨੇ ਕਿਹਾ ਕਿ ਉਹ ਸਿਰਫ਼ ਕਾਨੂੰਨ ਦੀ ਗੱਲ ਕਰਦੇ ਹਨ, ਪਰ ਕਲਿਆਣੀ ਦਾ ਵਕੀਲ ਭਾਵਨਾਤਮਕ ਡਰਾਮਾ ਕਰਕੇ ਉਸ ਨੂੰ ਬਚਾਉਣ ਦੇ ਯਤਨ ਕਰਦਾ ਹੈ।ਸੀ ਬੀ ਆਈਦੇ ਵਕੀਲ ਨੇ ਕਿਹਾ ਕਿ ਜੇ ਕਲਿਆਣੀ ਬੇਕਸੂਰ ਹੈ ਤਾਂ ਅਦਾਲਤ ਛੱਡ ਦੇਵੇਗੀ, ਪਰ ਉਸ ਦਾ 7 ਦਿਨ ਦਾ ਰਿਮਾਂਡ ਜ਼ਰੂਰੀ ਹੈ। ਅਦਾਲਤ ਨੇ ਦੋਵਾਂ ਧਿਰਾਂ ਨੂੰ ਸੁਣਨ ਪਿੱਛੋਂ ਕਲਿਆਣੀ ਦਾ ਦੋ ਦਿਨ ਦਾ ਦਿੱਤਾ ਹੈ।


# ਸਾਬਕਾ ਅਕਾਲੀ ਵਿਧਾਇਕ ਤੋਂ ਬਿਸ਼ਨੋਈ ਗੈਂਗ ਨੇ 2.50 ਲੱਖ ਦੀ ਫਿਰੌਤੀ ਮੰਗੀ

ਅਜਨਾਲਾ, 19 ਜੂਨ, (ਪੋਸਟ ਬਿਊਰੋ)-ਸਾਬਕਾ ਅਕਾਲੀ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਤੋਂ 2.50 ਲੱਖ ਰੁਪਏ ਦੀ ਫਿਰੌਤੀ ਮੰਗੇ ਜਾਣ ਦੇ ਦੋਸ਼ ਵਿੱਚ ਥਾਣਾ ਰਣਜੀਤ ਐਵਨਿਊ ਦੀ ਪੁਲਿਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੋੜੀਦਾਰ ਭਿੰਦਾ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ।ਉਸ ਨੇ ਸਾਬਕਾ ਵਿਧਾਇਕ ਨੂੰ ਵਟਸਐਪ ਕਾਲ ਕਰਕੇ ਧਮਕੀ ਦਿੱਤੀ ਸੀ ਕਿ ਜੇ ਉਸ ਨੂੰ ਫਿਰੌਤੀ ਨਾ ਦਿੱਤੀ ਤਾਂ ਬੋਨੀ ਦੇ ਪਰਿਵਾਰ ਨੂੰ ਖਤਮ ਕਰ ਦੇਵੇਗਾ। ਗੈਂਗਸਟਰ ਨੇ ਅਕਾਲੀ ਆਗੂ ਬੋਨੀ ਨੂੰ ਆਪਣਾ ਗੂਗਲ ਪੇ ਨੰਬਰ ਵੀ ਭੇਜਿਆ ਹੈ। ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਅਕਾਲੀ ਦਲ (ਬਾਦਲ) ਦੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਦੱਸਿਆ ਕਿ ਉਨ੍ਹਾਂ ਨੂੰ 17 ਜੂਨ ਨੂੰ ਵਟਸਐਪ ਉੱਤੇ ਧਮਕੀ ਦਾ ਫੋਨ ਆਇਆ ਅਤੇ ਫੋਨ ਕਰਨ ਵਾਲੇ ਨੇ ਆਪਣਾ ਨਾਂ ਪਿੰਦਾ ਦੱਸ ਕੇ ਕਿਹਾ ਕਿ ਉਹ ਲਾਰੈਂਸ ਬਿਸ਼ਨੋਈ ਗੈਂਗ ਤੋਂ ਹੈ। ਉਸ ਨੇ ਉਨ੍ਹਾਂ ਤੋਂ 2.50 ਲੱਖ ਰੁਪਏ ਦੀ ਫਿਰੌਤੀ ਮੰਗ ਕੇ ਕਿਹਾ ਕਿ ਉਹਐੱਸਬੀਆਈ (ਸਟੇਟ ਬੈਂਕ ਆਫ ਇੰਡੀਆ) ਦੇ ਅਕਾਊਂਟ ਵਿੱਚ ਪੈਸਾ ਜਮ੍ਹਾਂ ਕਰਵਾ ਦੇਣ। ਜਦੋਂ ਉਨ੍ਹਾਂ ਪੁੱਛਿਆ ਕਿ ਉਹ ਪੈਸੇ ਕਿਉਂ ਦੇਣ ਤਾਂ ਉਸ ਨੇ ਫੋਨ ਕੱਟ ਦਿੱਤਾ।ਸਾਬਕਾ ਵਿਧਾਇਕ ਬੋਨੀ ਨੂੰ ਕੁਝ ਦੇਰ ਬਾਅਦ ਫਿਰ ਫੋਨ ਆਇਆ ਅਤੇ ਫੋਨ ਕਰਨ ਵਾਲੇ ਨੇ ਕਿਹਾ ਕਿ ਮੈਸੇਜ ਚੈੱਕ ਕਰੋ।ਦੋਸ਼ੀ ਨੇ ਉਨ੍ਹਾਂ ਨੂੰ ਮੈਸੇਜ ਭੇਜਿਆ ਅਤੇ ਸਾਢੇ ਚਾਰ ਵਜੇ ਗੂਗਲ ਪੇ ਨੰਬਰ ਭੇਜ ਦਿੱਤਾ, ਜੋ ਗੁਰਪ੍ਰੀਤ ਸਿੰਘ ਦੇ ਨਾਂਸੀ।ਫਿਰ ਪੈਸਿਆਂ ਲਈ ਉਨ੍ਹਾਂ ਨੂੰ ਵਾਰ-ਵਾਰ ਫੋਨ ਕਰਦਾ ਰਿਹਾ, ਪਰ ਉਨ੍ਹਾਂ ਫੋਨ ਨਹੀਂ ਚੁੱਕਿਆ। ਬੋਨੀ ਨੇ ਕਿਹਾ ਕਿ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰ ਨੂੰ ਜਾਨ ਦਾ ਖਤਰਾ ਹੈ। ਪੁਲਿਸ ਨੇ ਉਨ੍ਹਾਂ ਦੀ ਸ਼ਿਕਾਇਤ ਉੱਤੇ ਪਿੰਦਾ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

# ਪਾਕਿਸਤਾਨੀ ਮੰਤਰੀ ਵੱਲੋਂ ਦੋਸ਼: ਵਿਰੋਧੀਆਂ ਨੂੰ ਅਯੋਗ ਠਹਿਰਾ ਕੇ 15 ਸਾਲ ਤਕ ਰਾਜ ਕਰਨਾ ਚਾਹੁੰਦਾ ਸੀ ਇਮਰਾਨ

ਇਸਲਾਮਾਬਾਦ, 19 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨਮੰਤਰੀ ਇਮਰਾਨ ਖਾਨ 'ਫਾਸ਼ੀਯੋਜਨਾ' ਦੇ ਤਹਿਤ ਪੂਰੀ ਵਿਰੋਧੀ ਲੀਡਰਸ਼ਿਪ ਨੂੰ ਅਯੋਗ ਕਰਾਰ ਦੇ ਕੇ 15 ਸਾਲ ਰਾਜ ਕਰਨਾ ਚਾਹੁੰਦੇ ਸਨ।




ਇਸ ਬਾਰੇ ਪਾਕਿਸਤਾਨੀਮੀਡੀਆ ਵਿੱਚ ਐਤਵਾਰ ਨੂੰ ਆਈ ਖ਼ਬਰ ਮੁਤਾਬਕ ਪਾਕਿਸਤਾਨ ਮੁਸਲਿਮ ਲੀਗ-ਐੱਨ ਦੇ ਇੱਕ ਮੰਤਰੀ ਖ਼ੁੱਰਮ ਦਸਤਗੀਰ ਨੇ ਸ਼ਨੀਵਾਰ ਨੂੰ ਇੱਕ ਟੀਵੀ ਪ੍ਰੋਗਰਾਮ ਵਿੱਚ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਖਬਰ ਸੀ ਕਿ ਇਮਰਾਨ ਖਾਨ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੇ ਪ੍ਰਧਾਨ ਤੇ ਮੌਜੂਦਾ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ, ਸਾਬਕਾ ਪ੍ਰਧਾਨਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਅਤੇ ਅਹਿਸਾਨ ਇਕਬਾਲ ਸਮੇਤ ਪੂਰੀ ਵਿਰੋਧੀ ਲੀਡਰਸ਼ਿਪ ਦਾ ਸਫਾਇਆ ਚਾਹੁੰਦੇ ਸਨ।'ਡਾਨ' ਅਖ਼ਬਾਰ ਦੀ ਖ਼ਬਰ ਮੁਤਾਬਕ ਮੰਤਰੀ ਨੇ ਕਿਹਾ ਕਿ ਸਾਬਕਾ ਇਮਰਾਨ ਖਾਨ ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਦੇ ਖਿਲਾਫ ਕੇਸਾਂ ਵਿੱਚ ਤੇਜ਼ੀ ਲਿਆਉਣ ਲਈ 100 ਜੱਜਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਜਦੋਂ ਕੇਂਦਰੀ ਮੰਤਰੀਖ਼ੁੱਰਮ ਦਸਤਗੀਰ ਤੋਂ ਪੁੱਛਿਆ ਕਿ ਉਨ੍ਹਾਂ ਦੀ ਪਾਰਟੀ ਸਿਰਫ਼ ਡੇਢ ਸਾਲ ਲਈ ਦੇਸ਼ ਦਾ ਰਾਜ ਆਪਣੇ ਹੱਥਲੈਣਾ ਕਿਵੇਂ ਮੰਨੀ ਤਾਂ ਉਨ੍ਹਾਂ ਕਿਹਾ ਕਿ ਗਠਜੋੜ ਸਿਰਫ਼ ਇਸ ਲਈ ਬਣਾਇਆ ਹੈ ਕਿ ਇਮ-ਰਾਨ ਖਾਨ ਦੀ ਇਸ ਦੇਸ਼ ਉੱਤੇ ਹਮਲੇ ਦੀ ਫਾਸ਼ੀਵਾਦੀ ਸੋਚ ਸੀ।' ਮੰਤਰੀ ਦੇ ਇਸ ਦਾਅਵੇ ਉੱਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ ਟੀ ਆਈ) ਦੇ ਨੇਤਾ ਅਤੇ ਸਾਬਕਾ ਮੰਤਰੀ ਅਲੀ ਹੈਦਰ ਜੈਦੀ ਨੇ ਕਿਹਾ, 'ਖ਼ੁੱਰਮ ਦਸਤਗੀਰ ਖੁੱਲ੍ਹੇ ਤੌਰ ਉੱਤੇਮੰਨਚੁੱਕੇ ਹਨ ਕਿ ਭ੍ਰਿਸ਼ਟਾਚਾਰ ਦੇ ਕੇਸਾਂ ਤੋਂ ਵਿਰੋਧੀ ਆਗੂਆਂ ਨੂੰ ਬਚਾਉਣ ਦੀ ਸਾਜ਼ਿਸ਼ ਰਾਹੀਂ ਇਮ-ਰਾਨ ਖਾਨ ਸਰਕਾਰ ਦੀ ਸੰਵਿਧਾਨਿਕ ਤੌਰ ਉੱਤੇ ਚੁਣੀ ਹੋਈ ਸਰਕਾਰ ਨੂੰ ਹਟਾਇਆ ਗਿਆ ਸੀ।











# ਜ਼ਕਾਤ ਅਤੇ ਦਸਵੰਧ ਵਿਚਲੀ ਸਾਂਝ



-ਰਮੇਸ਼ ਬੱਗਾ ਚੋਹਲਾ-

ਇਸਲਾਮ ਦੇ ਪੰਜ ਥੰਮਾਂ (ਬੁਨਿਆਦੀ ਸਿਧਾਤਾਂ) ਵਿਚ ਜ਼ਕਾਤ ਦਾ ਬਹੁਤ ਹੀ ਅਹਿਮਤਰੀਨ ਸਥਾਨ ਹੈ। ਜ਼ਕਾਤ ਤੋਂ ਭਾਵ ਉਸ ਦਾਨ ਤੋਂ ਹੈ ਜਿਹੜਾ ਉਨ੍ਹਾਂ ਪਦਾਰਥਾਂ ਜਾਂ ਧਨ ਵਿਚੋਂ ਦਿੱਤਾ ਜਾਂਦਾ ਹੈ ਜੋ ਇੱਕ ਮੁਸਲਮਾਨ ਕੋਲ ਉਸ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰੀਆਂ ਕਰਨ ਉਪਰੰਤ ਬਚ ਜਾਂਦਾ ਹੈ। ਜ਼ਕਾਤ ਦੇਣ ਦਾ ਮੁੱਖ ਮਨੋਰਥ ਮਨੁੱਖਤਾ ਵਿਸ਼ੇਸ਼ ਕਰਕੇ ਗ਼ਰੀਬਾਂ, ਅਨਾਥਾਂ, ਬੀਮਾਰਾਂ ਅਤੇ ਲੋੜਵੰਦਾਂ ਦੀ ਭਲਾਈ ਹੈ।

ਜ਼ਕਾਤ ਦੇਣਾ ਇੱਕ ਸੱਚੇ-ਸੁੱਚੇ ਮੁਸਲਮਾਨ ਦਾ ਫ਼ਰਜ਼ ਹੈ। ਕੁਰਆਨ ਅਤੇ ਹਦੀਸ ਦੀ ਰੋਸ਼ਨੀ ਵਿਚ ਸਮੂਹ ਮੁਸਲਿਮ ਭਾਈਚਾਰਾ ਇਸ ਗੱਲ ਨਾਲ ਇਤਫ਼ਾਕ ਰੱਖਦਾ ਹੈ ਕਿ ਜਿਹੜਾ ਮੁਸਲਮਾਨ ਜ਼ਕਾਤ ਦੇ ਫ਼ਰਜ਼ ਤੋਂ ਇਨਕਾਰੀ ਹੋਵੇਗਾ,ਉਸ ਦਾ ਸ਼ੁਮਾਰ ਕਾਫ਼ਰਾਂ ਵਿਚ ਹੋਵੇਗਾ ਅਤੇ ਆਖ਼ਰਤ ਵੇਲੇ ਸਖ਼ਤ ਸਜ਼ਾਵਾਂ ਦਾ ਭਾਗੀਦਾਰ ਬਣੇਗਾ।

ਅੱਲਾਹ ਤਆਲਾ ਨੇ ਕੁਰਆਨ ਵਿਚ ਇਹ ਵੀ ਫ਼ਰਮਾਇਆ ਹੈ ਕਿ ਜਿਹੜੇ ਧਨ ਪਦਾਰਥਾਂ ਨੂੰ ਜੋੜ ਕੇ ਰੱਖਦੇ ਹਨ ਅਤੇ ਉਸ ਨੂੰ ਅੱਲਾਹ ਦੇ ਰਾਹ ਵਿਚ ਖਰਚ ਨਹੀਂ ਕਰਦੇ ਉਹ ਦੋਜ਼ਖ ਦੀ ਅੱਗ ਦੇ ਸੇਕ ਤੋਂ ਨਹੀਂ ਬਚ ਸਕਦੇ।

. ਹਜ਼ੂਰ ਨਬੀ ਕਰੀਮ ਦਾ ਫ਼ਰਮਾਨ ਹੈ ਕਿ 'ਜਦੋਂ ਕਿਸੇ ਮੁਸਲਮਾਨ ਦੇ ਮਾਲ ਵਿਚ ਜ਼ਕਾਤ ਰਲ ਜਾਵੇ ਤਾਂ ਉਹ ਮਾਲ ਉਸ ਲਈ ਹਲਾਕਤ ਦੇ ਸਮਾਨ ਹੈ।'

. ਇਸਲਾਮ ਵਿਚ ਜ਼ਕਾਤ ਨੂੰ ਇੱਕ ਇਬਾਦਤ ਕਰਕੇ ਜਾਣਿਆਂ ਜਾਂਦਾ ਹੈ ਅਤੇ ਇਸ ਨੂੰ ਅੱਲਾਹ ਦਾ ਹੁਕਮ ਸਵੀਕਾਰਿਆ ਜਾਂਦਾ ਹੈ।

ਇੱਕ ਮੁਸਲਮਾਨ ਵਲੋਂ ਆਪਣਾ ਪਾਕਿ ਫ਼ਰਜ ਸਮਝ ਕੇ ਅਦਾ ਕੀਤੀ ਜਾਣ ਵਾਲੀ ਜ਼ਕਾਤ ਨੂੰ ਲੈਣ ਦਾ ਅਸਲੀ ਪਾਤਰ/ਹੱਕਦਾਰ ਕੌਣ ਹੈ ਇਸ ਬਾਬਤ ਕੁਰਆਨ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:-

1. ਫ਼ਕੀਰ ਤੇ ਜ਼ਰੂਰਤਮੰਦ:- ਇਨ੍ਹਾਂ ਵਿਚ ਉਹ ਲੋਕ ਸ਼ਾਮਿਲ ਹਨ ਜਿਨ੍ਹਾਂ ਕੋਲ ਕੁੱਝ ਮਾਇਆ ਤਾਂ ਹੈ ਪਰ ਉਨ੍ਹਾਂ ਦੀਆਂ ਵਾਜ਼ਿਬ ਲੋੜਾਂ ਨੂੰ ਪੂਰਾ ਨਹੀਂ ਕਰਦੀ। ਤੰਗੀਆਂ-ਤੁਰਸ਼ੀਆਂ ਦੇ ਬਾਵਜ਼ੂਦ ਵੀ ਇਹ ਲੋਕ ਕਿਸੇ ਅੱਗੇ ਆਪਣੇ ਹੱਥ ਨਹੀਂ ਫੈਲਾਉਂਦੇ।

2. ਮਿਸਕੀਨ ਤੇ ਅਨਾਥ:-ਇਸ ਵਰਗ ਦੇ ਲੋਕਾਂ ਦੀ ਝੋਲੀ ਆਮ ਤੌਰ 'ਤੇ ਸੱਖਣੀ ਹੀ ਰਹਿੰਦੀ ਹੈ ਅਤੇ ਇਹ ਗ਼ਰੀਬਾਂ ਵਾਲੀ ਲਾਈਨ ਤੋਂ ਵੀ ਹੇਠਾਂ ਹੀ ਹੁੰਦੇ ਹਨ। ਇਸ ਵਰਗ ਵਿਚ ਅਨਾਥ,ਮੁਥਾਜ,ਅਪਹਾਜ ਅਤੇ ਵਿਧਵਾ ਔਰਤਾਂ ਸ਼ਾਮਿਲ ਹਨ। ਬੇਰੁਜ਼ਗਾਰ ਭਾਈਚਾਰਾ ਵੀ ਇਸ ਵਿਚ ਹੀ ਸ਼ਾਮਿਲ ਕੀਤਾ ਜਾਂਦਾ ਹੈ।

3. ਆਮਿਲੀਨਾ:-ਇਸ ਸ਼ੇਣੀ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਦੇ ਨਾਮ ਹਕੂਮਤ ਵੱਲੋਂ ਜ਼ਕਾਤ ਦੀ ਵਸੂਲੀ ਲਈ ਮੁਕੱਰਰ ਕੀਤੇ ਜਾਂਦੇ ਹਨ ਭਾਵ ਉਨ੍ਹਾਂ ਦੀ ਤਨਖ਼ਾਹ ਜ਼ਕਾਤ ਵਿਚੋਂ ਦਿੱਤੀ ਜਾਂਦੀ ਹੈ।

4. ਮੁਅੱਲਫ਼ਤੁਲ ਕੁਲੂਬ:-ਇਸ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਨੂੰ ਇਸਲਾਮ ਦਾ ਹਾਮੀ ਬਣਾਈ ਰੱਖਣ ਲਈ ਰੁਪਏ ਦੀ ਲੋੜ ਪੇਸ਼ ਆਵੇ। ਇਸ ਫੰਡ ਨਾਲ ਨਵੇਂ ਬਣੇ ਮੁਸਲਿਮ ਲੋਕਾਂ ਨੂੰ ਵੀ ਸੰਤੁਸ਼ਟ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦਾ ਮਨ ਇਸਲਾਮ ਵਿਚ ਲੱਗਾ ਰਹੇ।

5.ਫ਼ਿਰਿਕਾਬ:- ਜੇ ਕੋਈ ਵਿਅਕਤੀ ਗ਼ੁਲਾਮੀ ਦੀ ਜੰਜੀਰ ਤੋਂ ਛੁਟਕਾਰਾ ਚਾਹੁੰਦਾ ਹੈ ਪਰ ਉਸ ਕੋਲ ਪੈਸੇ ਨਹੀਂ ਹਨ ਤਾਂ ਉਸ ਦੀ ਸਹਾਇਤਾ ਵੀ ਜ਼ਕਾਤ ਦੀ ਰਕਮ ਨਾਲ ਕੀਤੀ ਜਾ ਸਕਦੀ ਹੈ। ਜੇਕਰ ਕੋਈ ਮੁਸਲਿਮ ਕੈਦੀ ਬਿੰਨਾ ਕਿਸੇ ਕਸੂਰ ਤੋਂ ਕੈਦ ਭੁਗਤ ਰਿਹਾ ਹੋਵੇ ਅਤੇ ਕੁੱਝ ਜੁਰਮਾਨਾ ਅਦਾ ਕਰਕੇ ਉਸ ਦਾ ਖਹਿੜਾ ਛੁੱਟ ਜਾਂਦਾ ਹੋਵੇ ਤਾਂ ਉਸ ਜੁਰਮਾਨੇ ਦੀ ਰਾਸ਼ੀ ਵੀ ਜ਼ਕਾਤ ਵਿਚੋਂ ਦਿੱਤੀ ਜਾ ਸਕਦੀ ਹੈ।

6.ਅਲਗਾਰਿਮੀਨ:-ਇਹ ਉਹ ਲੋਕ ਹਨ ਜਿਨ੍ਹਾਂ ਦੇ ਸਿਰ 'ਤੇ ਕਰਜ਼ੇ ਦੀ ਭਾਰੀ ਪੰਡ ਹੋਵੇ ਅਤੇ ਇਸ ਬੋਝ ਕਾਰਨ ਉਨ੍ਹਾਂ ਨੂੰ ਜੀਵਨ ਔਖਿਆਲਾ ਲੱਗਣ ਲੱਗ ਪਏ। ਇਨ੍ਹਾਂ ਦੇ ਜੀਵਨ ਕੁੱਝ ਸੁਖਾਲਾ ਕਰਨ ਹਿੱਤ ਵੀ ਜ਼ਕਾਤ ਦੀ ਲੋੜੀਂਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਇਸ ਮਦ ਵਿਚ ਕਿਸੇ ਐਸ਼ ਬਿਰਤੀ ਜਾਂ ਫ਼ਜ਼ੂਲ ਖ਼ਰਚੇ ਹਿੱਤ ਲਏ ਕਰਜ਼ੇ ਨੂੰ ਉਤਾਰਨਾ ਸ਼ਾਮਿਲ ਨਹੀਂ ਹੈ।

7. ਫ਼ੀਸਬੀ ਲਿੱਲਾਹ:-ਇਸ ਮਦ ਅਧੀਨ ਹਰੇਕ ਭਾਂਤ ਦੇ ਨੇਕ ਅਤੇ ਸ਼ੁਭ ਕਾਰਜ ਆਉਂਦੇ ਹਨ ਪਰ ਤਰਜੀਹੀ ਰੂਪ ਵਿਚ ਦੀਨ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕੀਤੇ ਜਾਣ ਵਾਲੇ ਕਾਰਜ ਸ਼ਾਮਿਲ ਹਨ। ਅੱਲਾਹ ਦੁਆਰਾ ਬਣਾਏ ਗਏ ਮਾਨਵ ਹਿੱਤਕਾਰੀ ਕਾਨੂੰਨਾਂ ਨੂੰ ਸੰਸਾਰ ਵਿਚ ਲਾਗੂ ਕਰਨ ਲਈ ਵਰਤੇ ਜਾਂਦੇ ਜਾਇਜ਼ ਢੰਗ-ਤਰੀਕਿਆਂ ਲਈ ਜ਼ਕਾਤ ਦੀ ਵਰਤੋਂ ਕੀਤੀ ਜਾ ਸਕਦੀ ਹੈ।

8.ਇਬਨੁੱਸਬੀਲ( ਮੁਸਾਫ਼ਿਰ):- ਇਸ ਵਿਚ ਉਹ ਮੁਸਾਫ਼ਿਰ ਆਉਂਦੇ ਜਿਹੜੇ ਸਫ਼ਰ ਦੀ ਹਾਲਤ ਵਿਚ ਕਿਰਾਏ-ਭਾੜੇ ਅਤੇ ਹੋਰ ਖ਼ਰਚੇ ਲਈ ਮਜ਼ਬੂਰ ਅਤੇ ਆਪਣੀ ਨਿਰਧਾਰਿਤ ਮੰਜ਼ਿਲ ਤੋਂ ਦੂਰ ਹੁੰਦੇ ਹਨ।

ਭਾਵੇਂ ਪ੍ਰਚਲਿਤ ਵਿਧਾਨ ਦੇ ਮੁਤਾਬਿਕ ਜ਼ਕਾਤ ਦੀ ਰਕਮ ਨੂੰ ਮਦਰੱਸਿਆਂ ਦੀ ਬੇਹਤਰੀ ਲਈ ਖਰਚ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਪਰ ਕੁਰਆਨ ਮਜੀਦ ਵਿਚ ਦਰਸਾਈਆਂ ਉਪਰੋਕਤ ਮੱਦਾਂ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸਲਾਮ ਦੇ ਵਾਂਗ ਸਿੱਖ ਧਰਮ ਵੀ ਸਰਬੱਤ ਦੇ ਭਲੇ ਦਾ ਹਾਮੀ ਹੈ। ਨਿਮਾਣਿਆਂ ਦਾ ਮਾਣ ਅਤੇ ਨਿਆਸਰਿਆਂ ਦਾ ਆਸਰਾ ਬਣਨਾ ਸਿੱਖੀ ਦੀ ਵਿਸ਼ੇਸ਼ ਪਹਿਚਾਣ ਰਹੀ ਹੈ। ਇਸ ਤਹਿਤ ਹੀ 'ਗੁਰੂ ਕੀ ਗੋਲਕ ਨੂੰ ਗ਼ਰੀਬ ਦਾ ਮੂੰਹ' ਕਹਿ ਕੇ ਵਿਚਾਰਿਆ ਅਤੇ ਪ੍ਰਚਾਰਿਆ ਜਾਂਦਾ ਹੈ। ਇਸ ਗੋਲਕ ਦੀ ਭਰਪੂਰਤਾ ਹਿੱਤ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢਣ ਲਈ ਵਿਸ਼ੇਸ਼ ਹੁਕਮ ਦਿੱਤਾ ਹੋਇਆ। ਇਸ ਹੁਕਮ/ਉਪਦੇਸ਼ ਨੂੰ ਕਮਾਉਣ ਵਾਲੇ ਸਿੱਖਾਂ ਦੀ ਕਮਾਈ ਨਾਲ ਹੀ ਬਿਨਾ ਕਿਸੇ ਵੱਖਰੇਵੇਂ ਦੇ ਲੋੜਵੰਦਾਂ ਦੀਆਂ ਲੋੜਾਂ ਨੂੰ ਪੂਰਿਆ ਜਾਂਦਾ ਹੈ।

ਉਪਰੋਕਤ ਵਿਚਾਰ ਤੋਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਇਸਲਾਮੀ 'ਜ਼ਕਾਤ' ਅਤੇ ਸਿੱਖੀ ਦੇ 'ਦਸਵੰਧ' ਦੋਵਾਂ ਦਾ ਉਦੇਸ਼ ਕਲਿਆਣਕਾਰੀ ਹੈ, ਪਰ ਇਨ੍ਹਾਂ ਦਾ ਦਾਇਰਾ ਆਪੋ ਆਪਣਾ ਹੈ।

# ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ: ਸ੍ਰੀ ਰੀਠਾ ਸਾਹਿਬ



-ਰਮੇਸ਼ ਬੱਗਾ ਚੋਹਲਾ-

ਸਿੱਖ ਇਤਤਹਾਸ ਵਿਚ ਗੁਰਦੁਆਰਿਆਂ ਦਾ ਬੜਾ ਹੀ ਮਹੱਤਵਪੂਰਨ ਅਤੇ ਅਹਿਮਤਰੀਨ ਸਥਾਨ ਹੈ। ਰੂਹਾਨੀਅਤ ਦਾ ਕੇਂਦਰ ਹੋਣ ਦੇ ਨਾਲ-ਨਾਲ ਇਹ ਗੁਰਦੁ-ਆਰੇ ਸਦੀਆਂ ਤੋਂ ਆਪਸੀ ਭਾਈਚਾਰਕ ਸਾਂਝ ਦੀ ਵੀ ਹਾਮੀ ਭਰਦੇ ਆ ਰਹੇ ਹਨ। ਸਿੱਖ ਗੁਰੂ ਸਾਹਿਬਾਨ ਨੇ ਗੁਰਦੁਆਰਿਆਂ ਦੀ ਉਸਾਰੀ ਕਰਵਾਕੇ ਅਤੇ ਇਨ੍ਹਾਂ ਦੇ ਚਾਰ ਦਰਵਾਜ਼ੇ ਬਣਵਾ ਕੇ 'ਚੌਂ ਵਰਣਾਂ ਨੂੰ ਸਾਂਝੇ ਅਧਿਆਤਮਕ ਉਪਦੇਸ਼ ਨਾਲ ਜੋੜਨ ਦਾ ਇੱਕ ਮਹਾਨ ਉਪਰਾਲਾ ਕੀਤਾ ਹੈ। ਗੁਰੂ ਸਾਹਿਬ ਦੇ ਇਸ ਪਰਉਪਕਾਰੀ ਉਪਰਾਲੇ ਦੀ ਸਦੀਵੀਂ ਗਵਾਹੀ ਦਿੰਦਾ ਹੈ ਹਿੰਦੋਸਤਾਨ ਦੇ ਨਵ-ਨਿਰਮਤ ਸੂਬੇ ਉਤਰਾਖੰਡ ਦੀ ਰਮਣੀਕ ਘਾਟੀ ਵਿਚ ਸੁਭਾਇਮਾਨ ਗੁਰਦੁਆਰਾ ਸ੍ਰੀ ਰੀਠਾ ਸਾਹਿਬ।

ਸ੍ਰੀ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਪੱਕੇ ਸਾਥੀ ਭਾਈ ਮਰਦਾਨਾ ਜੀ ਦੀ ਇਤਿਹਾਸਕ ਯਾਦ ਨਾਲ ਜੁੜਿਆ ਗੁਰਦੁਆਰਾ ਰੀਠਾ ਸਾਹਿਬ ਉਤਰਾਖੰਡ ਪ੍ਰਦੇਸ਼ ਦੇ ਸਮੁੰਦਰੀ ਤਲ ਤੋਂ 7000 ਫੁੱਟ ਦੀ ਉਚਾਈ 'ਤੇ ਵੱਸੇ ਜ਼ਿਲ੍ਹਾ ਚੰਪਾਵਤ ਵਿਚ ਸਥਿਤ ਹੈ। ਇਸ ਜ਼ਿਲ੍ਹੇ ਦੀਆਂ ਹੱਦਾਂ ਸ਼ਹੀਦ ਊਧਮ ਸਿੰਘ ਨਗਰ ਅਤੇ ਨੈਨੀਤਾਲ ਜ਼ਿਲ੍ਹੇ ਨਾਲ ਲੱਗਦੀਆਂ ਹਨ।

ਇਹ ਉਹ ਪਵਿੱਤਰ ਸਥਾਨ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸੰਗੀ ਭਾਈ ਮਰਦਾਨਾ ਜੀ ਜਗਤ-ਜਲੰਦੇ ਨੂੰ ਠਾਰਦੇ ਹੋਏ ਸਿੱਧਾਂ ਨੂੰ ਜੋਗ ਦੇ ਅਸਲੀ ਅਰਥ ਸਮਝਾਉਣ ਲਈ ਆਏ ਸਨ। ਇਸ ਸਥਾਨ 'ਤੇ ਉਸ ਵਕਤ ਗੋਰਖ ਨਾਥ ਦਾ ਚੇਲਾ ਢੇਰ ਨਾਥ ਰਿਹਾ ਕਰਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਢੇਰ ਨਾਥ ਨਾਲ ਜ਼ਿੰਦਗੀ ਦੇ ਅਸਲ ਅਤੇ ਸਾਰਥਿਕ ਉਦੇਸ਼ ਨੂੰ ਲੈ ਕੇ ਗੋਸ਼ਟੀ ਕਰ ਰਹੇ ਸਨ ਤਾਂ ਉਸ ਸਮੇਂ ਇੱਕ ਆਚੰਭਤ ਅਤੇ ਬੇਮਿਸਾਲ ਕੌਤਕ ਵਾਪਰ ਗਿਆ। ਇਸ ਕੌਤਕ ਨਾਲ ਜਿਥੇ ਕੌੜਿਆਂ ਰੀਠਿਆਂ ਵਿਚ ਮਿਠਾਸ ਭਰ ਗਈ,ਉੱਥੇ ਹੰਕਾਰੀਆਂ ਨਾਥਾਂ ਦਾ ਹੰਕਾਰ ਵੀ ਦੂਰ ਹੋ ਗਿਆ। ਹੰਕਾਰ ਦੇ ਦੂਰ ਹੋਣ ਕਰਕੇ ਹੀ ਇਥੇ ਨਾਥਾਂ-ਜੋਗੀਆਂ ਨੂੰ ਗੁਰੂ ਨਾਨਕ ਸਾਹਿਬ ਦੀ ਕਮਾਈ ਅਤੇ ਵਡਿਆਈ ਨੂੰ ਧੰਨ ਕਹਿਣਾ ਪਿਆ ਸੀ।

ਇਤਿਹਾਸਕ ਗਵਾਹੀ ਮੁਤਾਬਕ ਕਤਕ ਦੀ ਪੂਰਨਮਾਸ਼ੀ ਵਾਲੇ ਦਿਨ ਧੰਨ ਗੁਰੂ ਨਾਨਕ ਦੇਵ ਜੀ ਆਪਣੇ ਸਾਥੀਆਂ ਸਮੇਤ ਜਦੋਂ ਇਸ ਸਥਾਨ 'ਤੇ ਆਏ ਤਾਂ ਉਸ ਵਕਤ ਰੀਠੇ ਦੇ ਇਕ ਭਰੇ ਹੋਏ ਦਰਖ਼ਤ ਹੇਠਾਂ ਗੋਰਖ ਨਾਥ ਜੋਗੀ ਦਾ ਚੇਲਾ ਢੇਰ ਨਾਥ ਡੇਰਾ ਲਾਈ ਬੈਠਾ ਸੀ। ਇਸ ਦਰਖ਼ਤ ਦੇ ਦੂਸਰੇ ਪਾਸੇ ਬਾਬੇਕਿਆਂ ਨੇ ਵੀ ਆਸਨ ਲਾ ਲਏ। ਗੁਰੂ ਜੀ ਦੀ ਆਮਦ ਨੂੰ ਦੇਖ ਕੇ ਸਿੱਧ ਹੈਰਾਨ ਹੋ ਗਏ ਅਤੇ ਉਨ੍ਹਾਂ (ਗੁਰੂ ਜੀ) ਨੂੰ ਇੱਥੇ ਆਉਣ ਦਾ ਕਾਰਨ ਪੁੱਛਣ ਲੱਗੇ। ਗੁਰੂ ਸਾਹਿਬ ਨੇ ਜੋਗੀਆਂ ਨੂੰ ਦੱਸਿਆ ਕਿ ਆਪਣੀਆਂ ਪਰਿਵਾਰਕ ਅਤੇ ਸਮਾਜਿਕ ਜ਼ਿਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਉਸ ਨਿਰੰਕਾਰ ਨਾਲ ਜੁੜੇ ਰਹਿਣਾ ਹੀ ਸੱਚਾ ਜੋਗ ਹੈ। ਬਾਹਰੀ ਦਿਖਾਵੇ, ਕਰਮ-ਕਾਂਡੀ ਜੀਵਨ ਅਤੇ ਪਾਖੰਡਬਾਜ਼ੀ ਸਦਕਾ ਕਰਤਾਰ ਦੀਆਂ ਖ਼ੁਸ਼ੀਆਂ ਦਾ ਪਾਤਰ ਨਹੀਂ ਬਣਿਆ ਜਾ ਸਕਦਾ। ਅਜੇ ਵਿਚਾਰ ਗੋਸ਼ਟੀ ਚੱਲ ਰਹੀ ਸੀ ਕਿ ਭਾਈ ਮਰਦਾਨਾ ਜੀ ਨੂੰ ਭੁੱਖ ਲੱਗ ਆਈ। ਜਦੋਂ ਉਨ੍ਹਾਂ ਗੁਰੂ ਸਾਹਿਬ ਕੋਲੋਂ ਕੁੱਝ ਖਾਣ ਦੀ ਤਲ਼ਬ ਜ਼ਾਹਿਰ ਕੀਤੀ ਗੁਰੂ ਜੀ ਕਹਿਣ ਲੱਗੇ, " ਮਰਦਾਨਿਆਂ ਅਸੀਂ ਤਾਂ ਬਾਹਰੋਂ ਆਏ ਹੋਏ ਪ੍ਰਦੇਸੀ ਬੰਦੇ ਹਾਂ ਅਤੇ ਸਿੱਧਾਂ ਦੇ ਮਹਿਮਾਨ ਹਾਂ,ਤੁਸੀਂ ਇਨ੍ਹਾਂ ਕੋਲੋਂ ਹੀ ਕੋਈ ਪਦਾਰਥ ਖਾਣ ਨੂੰ ਮੰਗ ਲਵੋ"।

ਗੁਰੂ ਸਾਹਿਬ ਦਾ ਹੁਕਮ ਪਾ ਕੇ ਜਦੋਂ ਭਾਈ ਮਰਦਾਨਾ ਜੀ ਨੇ ਬੜੀ ਨਿਮਰਤਾ ਪੂਰਵਕ ਸਿੱਧਾਂ ਕੋਲੋ ਭੋਜਨ ਦੀ ਮੰਗ ਕੀਤੀ ਤਾਂ ਹੰਕਾਰ ਨਾਲ ਨੱਕੋ-ਨੱਕ ਭਰੇ ਸਿੱਧਾਂ ਨੇ ਕਿਹਾ -

'ਬੈਠੇ ਰਹੋ ਨਾ ਕਿਤਹੂੰ ਜਾਈ,ਦੇਖਹਿ ਸ਼ਕਤਿ ਜੇ ਦੇਹਿ ਖਵਾਹੀ'।

ਭਾਵ ਜੇ ਤੇਰਾ ਗੁਰੂ ਸਰਬ ਕਲਾ ਸਮਰੱਥ ਹੈ ਤਾਂ ਉਹ ਬਿੰਨਾ ਕਿਤੇ ਜਾਏ ਭੋਜਨ ਦਾ ਵਸੀਲਾ ਕਿਉਂ ਨਹੀਂ ਕਰ ਦਿੰਦਾ। ਇਸ ਤਰ੍ਹਾਂ ਅਸੀਂ ਵੀ ਉਸ ਦੀ ਸ਼ਕਤੀ ਨੂੰ ਦੇਖ ਲਵਾਂਗੇ।

ਸਿੱਧਾਂ ਦਾ ਕਠੋਰ ਅਤੇ ਹੰਕਾਰ ਭਰਿਆ ਵਿਹਾਰ ਦੇਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਰੀਠੇ ਦੇ ਫ਼ਲਾਂ ਵੱਲ ਇਸ਼ਾਰਾ ਕਰਕੇ ਭਾਈ ਮਰਦਾਨਾ ਜੀ ਨੂੰ ਕਿਹਾ ਕਿ, 'ਭਾਈ ਇਹ ਫ਼ਲ ਤੋੜ ਕੇ ਛੱਕ ਲਉ ਕਰਤਾਰ ਭਲੀ ਕਰੇਗਾ'।

ਗੁਰੂ ਬਾਬੇ ਦਾ ਬਚਨ ਸੁਣ ਕੇ ਮਰਦਾਨਾ ਜੀ ਸੋਚਾਂ ਵਿਚ ਪੈ ਗਏ ਅਤੇ ਕਹਿਣ ਲੱਗੇ, 'ਗੁਰੂ ਜੀ ਮੈਨੂੰ ਕਿਉਂ ਮਾਰਨਾ ਚਾਹੁੰਦੇ ਹੋ,ਮੈਂ ਤਾਂ ਅਜੇ ਜਿਉਣਾ ਚਾਹੁੰਦਾ ਹਾਂ। ਇਹ ਰੀਠੇ ਤਾਂ ਜ਼ਹਿਰ ਵਰਗੇ ਕੌੜੇ ਹਨ ਅਤੇ ਲੋਕਾਂ ਦੇ ਵਸਤਰ ਧੋਣ ਦੇ ਕੰਮ ਆਉਂਦੇ ਹਨ'।

ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਵਾਲੇ ਪਾਸੇ ਦੀਆਂ ਰੀਠੇ ਦੀਆਂ ਟਹਿਣੀਆਂ ਵਲ ਮੇਹਰ ਦੀ ਨਦਰ ਕਰਦਿਆਂ ਹੱਸ ਕੇ ਕਿਹਾ,"ਭਾਈ ਮਰਦਾਨਾ ਜੀ ਸਤਿ ਕਰਤਾਰ ਕਹਿ ਕੇ ਰੀਠੇ ਦੇ ਦਰਖ਼ਤ 'ਤੇ ਚੜ੍ਹ ਜਾਉ,ਆਪ ਫ਼ਲ ਛਕੋ ਅਤੇ ਇਨ੍ਹਾਂ ਸਿੱਧਾਂ ਨੂੰ ਵੀ ਤੋੜ 2) ਕੇ ਛਕਾਓ"।

ਸਤਿ ਬਚਨ ਕਹਿ ਕੇ ਭਾਈ ਮਰਦਾਨਾ ਜੀ ਗੁਰੂ ਵਾਲੇ ਪਾਸੇ ਦੇ ਇੱਕ ਟਹਿਣੇ 'ਤੇ ਚੜ੍ਹ ਗਏ ਅਤੇ ਰੀਠੇ ਤੋੜ ਕੇ ਖਾਣ ਲੱਗ ਪਏ। ਭਾਈ ਮਰਦਾਨਾ ਜੀ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਬਾਬੇ ਦੀ ਕਿਰਪਾ ਨਾਲ ਜ਼ਹਿਰ ਵਰਗੇ ਰੀਠੇ ਸ਼ਹਿਦ ਵਰਗੇ ਮਿੱਠੇ ਹੋ ਗਏ। ਪਹਿਲਾਂ ਭਾਈ ਸਾਹਿਬ ਨੇ ਆਪ ਰੱਜ ਕੇ ਰੀਠੇ ਛਕੇ ਅਤੇ ਫਿਰ ਸਿੱਧਾਂ ਨੂੰ ਵੀ ਛਕਣ ਲਈ ਦਿੱਤੇ। ਛੁਆਰਿਆਂ ਵਰਗਾ ਆਨੰਦ ਦੇਣ ਵਾਲੇ ਰੀਠੇ ਜਦੋਂ ਨਾਥ-ਜੋਗੀਆਂ ਦੀ ਜੀਭ ਨੂੰ ਲੱਗੇ ਤਾਂ ਉਹ ਵੀ ਹੈਰਾਨ ਹੋਣੋ ਨਾ ਰਹਿ ਸਕੇ। ਇਸ ਤਰ੍ਹਾਂ ਸਿੱਧਾਂ ਵੱਲੋਂ ਵੀ ਆਪਣੀਆਂ ਤਾਂਤ੍ਰਿਕ ਸ਼ਕਤੀਆਂ ਨਾਲ ਆਪਣੇ ਵਾਲੀ ਸਾਈਡ ਦੇ ਰੀਠੇ ਮਿੱਠੇ ਕਰਨ ਲਈ ਹੱਥ-ਪੱਲੇ ਮਾਰੇ ਗਏ ਪਰ ਗੁਰੂ ਨਾਨਕ ਸਾਹਿਬ ਦੇ ਅੱਗੇ ਉਨ੍ਹਾਂ ਦੀ ਕੋਈ ਪੇਸ਼ ਨਾ ਗਈ।

ਦਰਖ਼ਤ ਤਾਂ ਦੁਨੀਆਂ ਵਿਚ ਹੋਰ ਵੀ ਬਹੁਤ ਹਨ। ਬਹੁਤ ਸੁੰਦਰ ਅਤੇ ਸਜੀਲੇ ਵੀ ਹਨ। ਪਰ ਜਿਹੜੇ ਦਰਖ਼ਤ ਉਪਰ ਬਾਬੇ ਨਾਨਕ ਦੀ ਕਿਰਪਾ-ਦ੍ਰਿਸ਼ਟੀ ਹੋ ਗਈ ਉਸ ਦਾ ਫ਼ਲ ਨਾ ਸਿਰਫ਼ ਕੌੜੇ ਤੋਂ ਮਿੱਠਾ ਹੀ ਹੋਇਆ ਸਗੋਂ ਨਾਨਕ ਨਾਮ-ਲੇਵਾ ਸੰਗਤਾਂ ਦੇ ਸਤਿਕਾਰ ਦਾ ਪਾਤਰ ਵੀ ਬਣ ਗਿਆ। ਇਸ ਪਾਤਰਤਾ ਕਾਰਨ ਹੀ ਸੰਗਤਾਂ ਇਸ ਰੀਠੇ ਨੂੰ ਰੀਠਾ ਸਾਹਿਬ ਆਖ ਕੇ ਪਿਆਰਦੀਆਂ ਅਤੇ ਸਤਿਕਾਰ ਦੀਆਂ ਹਨ।

# ਵਿਦੇਸ਼ਾ ਵਿਚ ਪੜ੍ਹਣ ਜਾ ਰਹੇ ਵਿਦਿਆਰਥੀਆਂ ਹੋ ਰਹੀ ਅੰਨੀ ਲੁੱਟ

*ਵਿਦੇਸ਼ਾ ਦੀਆਂ ਯੂਨੀਵਰਸਟੀਆਂ/ਕਾਲਜ ਬਰਾਬਰ ਦੇ ਜ਼ਿੰਮੇਵਾਰ

*ਦੇਸ਼ ਵਿਚ ਬੇਰੁਜ਼ਗਾਰੀ ਤੋਂ ਤੰਗ ਆ ਕੇ ਵਿੱਦਿਆਰਥੀ ਬਾਹਰ ਭੱਜਣ ਲਈ ਮਜ਼ਬੂਰ

*ਦੇਸ਼ ਅੰਦਰ ਖੁਲ੍ਹੇ ਇੰਮੀਗਰੇਸ਼ਨ/ ਆਈਲੈਟਸ ਸੈਂਟਰਾਂ ਦੀ ਨਿਰੰਤਰ ਚੈਕਿੰਗ ਦੀ ਲੋੜ੍ਹ

*ਵਿੱਦਿਆਰਥੀਆਂ ਨੂੰ ਫੀਸ਼ਾਂ ਜਮਾਂ ਕਰਵਾਕੇ ਰਿਜਰਵ ਕੀਤੀਆਂ ਸੀਟਾਂ ਵੀ ਨਹੀ ਮਿਲਦੀਆਂ

*ਪੜ੍ਹਾਈ ਲਈ ਫੀਸਾਂ ਅਤੇ ਖਾਤਿਆਂ ਵਿਚ ਭਵਿੱਖ ਲਈ ਖ਼ਰਚੇ ਦੀ ਪੂੰਜੀ ਕਿਵੇ ਹੁੰਦਾ ਪ੍ਰਬੰਧ

*ਜਮਾਂ ਦੋ ਪੜ੍ਹਾਈ ਤੋਂ ਬਾਅਦ ਹਰ ਵਿੱਦਿਆਰਥੀ ਵਿਦੇਸ਼ ਭੱਜਣ ਲਈ ਯਤਨਸੀਲ

*ਵਿੱਦਿਆਰਥੀਆਂ ਦੇ ਮਾਪੇ ਨਸ਼ਿਆਂ ਦੀ ਦਲਦਲ ਵਿਚੋਂ ਆਪਣੇ ਬੱਚਿਆਂ ਨੂੰ ਕੱਢਣ ਲਈ ਮਜ਼ਬੂਰ

*ਦੇਸ਼ ਅੰਦਰ ਉਚੇਰੀ ਸਿੱਖਿਆ ਲਈ ਖੁਲ੍ਹੀਆਂ ਯੂਨੀਵਰਸਟੀਆਂ ਬਣ ਜਾਣਗੀਆਂ ਖੰਡਰ

*ਜਮਾਂ ਦੋ ਤੋਂ ਬਾਅਦ ਵਕਫਾ ਪੂਰਾ ਕਰਨ ਲਈ ਬਣਦੇ ਜਾਅਲੀ ਡਿਗਰੀਆਂ/ਤਜਰਬੇ ਦੇ ਸਰਟੀਫਿਕੇਟ

*ਵਿੱਦਿਆਰਥੀ ਦਾ ਵਿਦੇਸ਼ਾਂ ਵਿਚ ਪੜ੍ਹਾਈ ਵਲ ਘੱਟ ਕਮਾਈ ਵੱਲ ਧਿਆਨ



ਗਿਆਨ ਸਿੰਘ
ਜ਼ਿਲ੍ਹਾ ਲੋਕ ਸੰਪਰਕ ਅਫ਼ਸਰ
(ਸੇਵਾਮੁਕਤ)

ਵਿਦੇਸ਼ਾ ਵਿਚ ਪੜ੍ਹਾਈ ਕਰਨ ਦੇ ਬਹਾਨੇ ਪਿਛਲੇ ਦੋ ਦਹਾਕਿਆਂ ਤੋਂ ਸਕੂਲ ਵਿਚ ਜਮਾਂ ਦੋ ਦੀ ਪੜ੍ਹਾਈ ਖਤਮ ਹੁੰਦਿਆਂ ਹੀ ਮਾਪੇ ਨਸ਼ਿਆਂ ਦੀ ਦਲਦਲ ਵਿਚੋਂ ਆਪਣੇ ਬੱਚਿਆਂ ਨੂੰ ਕੱਢਣ ਲਈ ਮਜ਼ਬੂਰ ਹਨ। ਸਭ ਤੋਂ ਵੱਡਾ ਕਾਰਨ ਦੇਸ਼ ਵਿਚਲੀ ਬੇਰੁਜ਼ਗਾਰੀ ਤੋਂ ਤੰਗ ਆ ਕੇ ਵਿੱਦਿਆਰਥੀ ਬਾਹਰ ਭੱਜਣ ਲਈ ਮਜ਼ਬੂਰ ਹੋ ਰਹੇ ਹਨ। ਕੇਂਦਰ/ਰਾਜਾਂ ਦੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵੱਲ ਕੋਈ ਠੋਸ ਕਦਮ ਨਹੀਂ ਚੁੱਕੇ ਸਗੋਂ ਸਬਜ਼ਬਾਗ ਵਿਖਾਏ। ਦੇਸ਼ ਅੰਦਰ ਸਰਕਾਰੀ ਨੌਕਰੀਆਂ ਵਿਚ ਭਰਤੀ ਕਰਨ ਲਈ ਜਿਸ ਤਰ੍ਹਾਂ ਅਰਜੀ ਦੇਣ ਤੋਂ ਲੈਕੇ ਯੋਗਤਾ/ਸਰੀਰਕ ਜਾਂਚ ਟੈਸਟ/ ਇੰਟਰਵਿਊ ਤੇ ਨਿਯੁਕਤੀ ਤੱਕ ਜੋ ਲੁੱਟ-ਖਸੁੱਟ/ ਖ਼ਜ਼ਲ-ਖੁਆਰੀ ਹੁੰਦੀ ਹੈ,ਉਸ ਤੋਂ ਵੀ ਨੌਜਵਾਨ ਵਰਗ ਤੰਗ ਪ੍ਰੇਸ਼ਾਨ ਹੈ। ਕਿਸੇ ਵੀ ਸਰਕਾਰ ਨੇ ਵਿੱਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦਿਆਂ ਲੰਬੇ ਸਮੇਂ ਦੀ ਯੋਜਨਾ ਤਿਆਰ ਨਹੀਂ ਕੀਤੀ। ਭਾਰਤ ਅੰਦਰ ਆਬਾਦੀ ਦੂਜੇ ਦੇਸ਼ਾ ਦੇ ਮੁਕਾਬਲੇ ਬਹੁਤੀ ਹੋਣ ਕਰਕੇ ਵਿਦੇਸ਼ੀ ਸਰਕਾਰਾਂ ਨੇ ਸਿੱਖਿਅਤ ਮਨੁੱਖੀ ਸ਼ਕਤੀ ਅਤੇ ਸਰਮਾਇਆ ਆਪਣੇ ਦੇਸ਼ਾ ਵੱਲ ਖਿੱਚਣ ਦੇ ਲਈ ਯੋਜਨਾਵਾਂ ਬਣਾ ਲਈਆਂ। ਵਿਦੇਸ਼ੀ ਸਰਕਾਰਾਂ ਨੇ ਯੂਨੀਵਰਸਟੀਆਂ/ਕਾਲਜ ਸਥਾਪਿਤ ਕਰਨ ਲਈ ਮੰਨਜੂਰੀਆਂ ਦੇ ਦਿੱਤੀਆਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਦੇਸ਼ਾ ਵਿਚ ਸਾਡੇ ਦੇਸ਼ ਦੇ ਮੁਕਾਬਲੇ ਹਰ ਕੰਮ ਵਿਚ ਇਮਾਨਦਾਰੀ ਅਤੇ ਪਾਰਦਰਸ਼ਤਾ ਹੈ। ਭਾਰਤੀ ਲੋਕ ਤੇ ਖਾਸਕਰ ਪੰਜਾਬੀ ਜਿਹੜੇ ਮੁਲਕਾਂ ਵਿਚ ਪੁੱਜ ਗਏ ਉਨ੍ਹਾਂ ਨੇ ਵਿਦੇਸ਼ੀ ਲੋਕਾਂ ਨੂੰ ਵੀ ਆਪਣੇ ਰੰਗ ਵਿਚ ਰੰਗ ਲਿਆ। ਦੇਸ਼ ਅੰਦਰ ਤੇ ਖਾਸਕਰ ਪੰਜਾਬ ਵਿਚ ਖੁਲ੍ਹੇ ਇਮੀਗਰੇਸ਼ਨ/ ਆਈਲੈਟਸ ਸੈਂਟਰਾਂ ਰਾਂਹੀ ਵਿਦੇਸ਼ਾ ਵਿਚ ਪੜ੍ਹਣ ਜਾ ਰਹੇ ਵਿੱਦਿਆਰਥੀਆਂ ਦੀ ਅੰਨੀਲੁੱਟ ਹੋ ਰਹੀ ਹੈ ਜਿਸਦੀ ਕੇਦਰੀ/ਰਾਜ ਸਰਕਾਰਾਂ ਵਲੋਂ ਨਿਰੰਤਰ ਚੈਕਿੰਗ ਦੀ ਲੋੜ ਹੈ। ਇਮੀਗਰੇਸ਼ਨ/ ਆਈਲੈਟਸ ਸੈਂਟਰ ਯੋਗਤਾ ਦੇ ਆਧਾਰ ਤੇ ਵਿਦੇਸ਼ਾ ਦੀਆਂ ਯੂਨੀਵਰਸਟੀਆਂ/ਕਾਲਜਾਂ ਤੋਂ ਵਿੱਦਿਆਰਥੀਆਂ ਨੂੰ ਦਾਖ਼ਲਾ ਲੈਣ ਲਈ ਆਪਣੇ ਮਿਹਨਤਾਨੇ ਦਾ ਇਕਰਾਰਨਾਮਾ ਕਰਕੇ,ਅਸਲ ਦਸਤਾਵੇਜ਼ ਜਮਾਂ ਕਰਵਾਕੇ, 100/150 ਡਾਲਰ ਫੀਸ ਭਰਕੇ ਯੂਨੀਵਰਸਟੀਆਂ/ਕਾਲਜਾਂ ਤੋਂ ਔਫਰ ਪੱਤਰ ਪ੍ਰਾਪਤ ਕਰ ਦਿੰਦੇ ਹਨ। ਇਮੀਗਰੇਸ਼ਨ/ ਆਈਲੈਟਸ ਸੈਂਟਰਾਂ ਦੇ ਮਾਲਕ ਦਾਖਲੇ ਦਾ ਮੁੱਢਲਾ ਪੱਤਰ ਪ੍ਰਾਪਤ ਹੋਣ ਉਪਰੰਤ ਵਿੱਦਿਆਰਥੀ ਦੀ ਸੀਟ ਰਾਖਵੀ ਕਰਨ ਲਈ ਲੋੜੀਂਦੀ ਫੀਸ਼ ਡਾਲਰਾਂ ਵਿਚ ਜਮਾਂ ਕਰਵਾ ਦਿੰਦੇ ਹਨ। ਇਮੀਗਰੇਸ਼ਨ/ ਆਈਲੈਟਸ ਸੈਂਟਰ ਸਬੰਧਿਤ ਦੇਸ਼ ਦੀ ਅਬੈਂਸੀ ਨੂੰ ਵਿੱਦਿਆਰਥੀ ਦੀ ਪੜ੍ਹਾਈ ਲਈ ਵੀਜਾ ਪ੍ਰਾਪਤ ਕਰਨ ਲਈ ਨਿਸਚਿਤ ਵੀਜਾ ਫੀਸ ਭਰਕੇ ਅਰਜੀ ਦਾਖ਼ਲ ਕਰ ਦਿੰਦੇ ਹਨ। ਵੀਜਾ ਅਰਜੀ ਦਾਖ਼ਲ ਕਰਨ ਸਮੇਂ ਵਿੱਦਿਆਰਥੀ ਕੋਲ ਪੜ੍ਹਾਈ ਲਈ ਬੈਂਕ ਖਾਤੇ ਵਿਚ ਭਵਿੱਖ ਦੇ ਖ਼ਰਚੇ ਲਈ ਪੂੰਜੀ ਦਿਖਾਉਣ ਅਤੇ ਜਮਾਂ ਦੋ ਤੋਂ ਬਾਅਦ ਵਕਫਾ ਪੂਰਾ ਕਰਨ ਲਈ ਜਾਅਲੀ ਡਿਗਰੀਆਂ/ਤਜਰਬੇ ਦੇ ਸਰਟੀਫਿਕੇਟ ਤਿਆਰ ਕਰਨ ਲਈ ਵਿਚੋਲਗਿਰੀ ਫੀਸਾਂ ਦੇਣੀਆਂ ਪੈਂਦੀਆਂ ਹਨ। ਵਿਦੇਸ਼ਾ ਵਿਚ ਪੜ੍ਹਣ ਜਾ ਰਹੇ ਵਿੱਦਿਆਰਥੀਆਂ ਹੋ ਰਹੀ ਅੰਨੀਲੁੱਟ ਲਈ ਵਿਦੇਸ਼ੀ ਯੂਨੀਵਰਸਟੀਆਂ/ਕਾਲਜ ਬਰਾਬਰ ਦੇ ਜਿੰਮੇਵਾਰ ਹਨ। ਵਿਦੇਸ਼ੀ ਯੂਨੀਵਰਸਟੀਆਂ/ਕਾਲਜਾਂ ਵਿਚ ਤਿੰਨ ਵਾਰ ਜਨਵਰੀ / ਮਈ ਅਤੇ ਸਤੰਬਰ ਵਿਚ ਦਾਖ਼ਲੇ ਹੁੰਦੇ ਹਨ। ਵਿਦੇਸ਼ੀ ਯੂਨੀਵਰਸਟੀਆਂ/ਕਾਲਜ ਹਰ ਵਿਸ਼ੇ/ਸਮਿ-ਸਟਰ ਲਈ ਨਿਸਚਤ ਸੀਟਾਂ ਦੇ ਮੁਕਾਬਲੇ ਕਈ ਗੁਣਾਂ ਵੱਧ ਔਫਰ ਪੱਤਰ ਜਾਰੀ ਕਰ ਦਿੰਦੇ ਹਨ, ਵਿੱਦਿਆਰਥੀਆਂ ਦੀਆਂ ਫੀਸ਼ਾ ਵੀ ਜਮਾਂ ਹੋ ਜਾਂਦੀਆਂ। ਵਿੱਦਿਆਰਥੀ ਨੂੰ ਇੱਕ ਮਹੀਨਾ ਪਹਿਲਾਂ ਹੀ ਵਿਦੇਸੀ ਯੂਨੀਵਰਸਟੀਆਂ/ਕਾਲਜਾਂ ਵਲੋਂ ਪੜ੍ਹਾਈ ਵੀਜਾ ਜਮਾਂ ਕਰਵਾਉਣ ਜਾਂ ਸਮਿਸਟਰ ਅੱਗੇ ਪਾਉਣ ਦੇ ਸੰਦੇਸ਼ ਆਉਣੇ ਸੁਰੂ ਹੋ ਜਾਂਦੇ ਹਨ ਜਦੋਂ ਕਿ ਔਫਰ ਪੱਤਰ ਵਿਚ ਅਜਿਹੀ ਕੋਈ ਸ਼ਰਤ ਨਹੀਂ ਹੁੰਦੀ। ਵਿੱਦਿਆਰਥੀ ਦਾ ਪੜ੍ਹਾਈ ਵੀਜਾ ਸਬੰਧਿਤ ਦੇਸ਼ ਦੀ ਅੰਬੈਸੀ ਵਲੋਂ ਲਗਾਇਆ ਜਾਣਾ ਹੁੰਦਾ ਹੈ। ਕਰੋਨਾ ਮਹਾਂਮਾਰੀ ਕਾਰਨ ਤੇ ਅੰਬੈਸੀਆਂ ਵਿਚ ਅਰਜ਼ੀਆਂ ਦੀ ਬਹੁਤਾਤ ਕਾਰਨ ਵੀਜੇ ਪੂਰੇ ਸਮੇਂ ਤੇ ਜਾਂ ਕੁਝ ਪੱਛੜਕੇ ਮਿਲਦੇ। ਕੈਨੇਡਾ ਵਿਚ ਬਹੁਤ ਸਾਰੇ ਅਜਿਹੇ ਵਿੱਦਿਆਰਥੀ ਹਨ ਜੋ ਔਫਰ ਪੱਤਰ ਅਨੁਸਾਰ ਨਿਸਚਿਤ ਮਿਤੀ ਤੇ ਕਾਲਜ ਪਹੁੰਚ ਗਏ, ਉਨ੍ਹਾਂ ਨੇ ਕਈ ਮਹੀਨੇ ਪਹਿਲਾਂ ਫੀਸ ਜਮਾਂ ਕਰਵਾਕੇ ਸੀਟ ਰਿਜਰਵ ਕਰਵਾਈ ਹੋਣ ਦੇ ਬਾਵਜੂਦ ਵਿੱਦਿਆਰਥੀ ਨੂੰ ਰਿਜਰਵ ਕੀਤੀ ਸੀਟ ਨਹੀ ਮਿਲੀ। ਕੈਨੇਡਾ ਪਹੁੰਚ ਚੁੱਕੇ ਅਜਿਹੇ ਵਿੱਦਿਆਰਥੀਆਂ ਨੂੰ ਅਗਲੇ ਸਮਿਸਟਰ ਤੱਕ ਗੈਰਕਨੂੰਨੀ ਤੌਰ ਤੇ ਰਹਿਣਾ ਪਵੇਗਾ, ਗੈਰਕਨੂੰਨੀ ਤੌਰ ਤੇ ਕੰਮ ਕਰਨ ਲਈ ਮਜ਼ਬੂਰ ਹੋਣਾ ਪਵੇਗਾ। ਕੈਨੇਡਾ ਤੇ ਦੂਸਰੇ ਦੇਸ਼ਾ ਦੀਆਂ ਸਰਕਾਰਾਂ ਚੈਕਿੰਗ ਕਰਨ,ਜਿਹੜੇ ਵਿੱਦਿਆਰਥੀ ਵੀਜੇ ਲੈ ਕੇ ਪਹੁੰਚ ਗਏ,ਉਨ੍ਹਾਂ ਦੇ ਸਮਿਸਟਰ ਕਿਉਂ ਅੱਗੇ ਕੀਤੇ ਗਏ? ਅਜਿਹੇ ਯੂਨੀਵਰਸਟੀਆਂ/ਕਾਲਜਾਂ ਦੀ ਮਾਨਤਾ ਰੱਦ ਕੀਤੀ ਜਾਵੇ ਜਾਂ ਵਿੱਦਿਆਰਥੀਆਂ ਨੂੰ ਦਾਖ਼ਲਾ ਦਵਾਇਆ ਜਾਵੇ। ਕੈਨੇਡਾ ਜਾਂ ਦੂਸਰੇ ਦੇਸ਼ਾ ਵਿਚ ਪਹੁੰਚ ਚੁਕੇ ਹਰ ਵਿੱਦਿਆਰਥੀ ਨੂੰ ਕੰਮ ਕਰਨ ਲਈ ਆਰਜੀ ਮੰਨਜੂਰੀ ਪੱਤਰ ਜਾਰੀ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਕੰਮ ਬਦਲੇ ਨਿਸਚਿਤ ਪ੍ਰਤੀ ਘੰਟਾ ਰਕਮ ਮਿਲ ਸਕੇ। ਵਿਦੇਸੀ ਸਰਕਾਰਾਂ ਛੋਟੀ ਉਮਰ ਦੇ ਵਿੱਦਿਆਰਥੀਆਂ ਨੂੰ ਜਮਾਂ ਦੋ ਦੀ ਸਿੱਖਿਆ ਤੋਂ ਬਾਅਦ ਉਚੇਰੀ ਸਿੱਖਿਆ ਲਈ ਦਾਖਲਾ ਬੰਦ ਕਰੇ ਕਿਉਂਕਿ ਜਮਾਂ ਦੋ ਪਾਸ ਵਿੱਦਿਆਰਥੀ ਦਾ ਬੌਧਿਕ ਗਿਆਨ ਜਿੰਦਗੀ ਵਿਚ ਅੱਗੇ ਵੱਧਣ ਲਈ ਮੁਕੰਮਲ ਨਹੀਂ। ਵਿਦੇਸ਼ਾ ਵਿਚ ਦਾਖਲੇ ਲਈ ਗਰੈਜੂਏਟ ਜਾਂ ਇਸ ਦੇ ਬਰਾਬਰ ਦੀ ਡਿਗਰੀ ਹੋਣੀ ਚਾਹੀਦੀ ਹੈ। ਵਿਦੇਸ਼ਾ ਵਲ ਜਮਾਂ ਦੋ ਤੋਂ ਬਾਅਦ ਜਾ ਰਹੇ ਵਿੱਦਿਆਰਥੀ ਦਾ ਵਿਦੇਸ਼ਾਂ ਵਿਚ ਪੜ੍ਹਾਈ ਵਲ ਘੱਟ ਕਮਾਈ ਵੱਲ ਵਧੇਰ ਧਿਆਨ ਹੁੰਦਾ, ਇਸ ਕਰਕੇ ਉਹ ਥੋੜ੍ਹੇ ਸਮੇਂ ਦੇ ਕੋਰਸ ਲੈਂਦੇ ਹਨ। ਵਿਦੇਸ਼ਾ ਵਿਚ ਪੜ੍ਹਾਈ ਜਾਂ ਪੱਕੇ ਤੌਰ ਤੇ ਜਾਣ ਲਈ ਆਈ ਲੈਟਿਸ/ਪੀਟੀਈ ਟੈਸਟ ਵਿਚ ਲਏ ਬੈਂਡਾਂ ਦੇ ਆਧਾਰ ਤੇ ਦਾਖਲਾ ਮਿਲਦਾ,ਇਹ ਟੈਸਟ ਲੈਣ ਵਾਲੀਆਂ ਕੰਪਨੀਆਂ ਵੀ ਚਰਚਾ ਵਿਚ ਹਨ। ਪੜ੍ਹਾਈ ਵਿਚ ਮੁੰਡਿਆਂ ਨਾਲੋਂ ਲੜਕੀਆਂ ਹੁਸ਼ਿਆਰ ਹਨ,ਵਧੇਰੇ ਬੈਂਡ ਲੈ ਲੈਂਦੀਆਂ। ਲੜਕਿਆਂ ਦੇ ਮਾਤਾ/ਪਿਤਾ ਲੜਕੀਆਂ ਦੇ ਪੜ੍ਹਾਈ ਦੇ ਖ਼ਰਚੇ ਦੀ ਸ਼ਰਤ ਤੇ ਰਿਸ਼ਤੇ ਵੀ ਪੱਕੇ ਕਰ ਲੈਂਦੇ ਹਨ। ਲੜਕੀਆਂ ਦੀ ਪੜ੍ਹਾਈ ਲਈ ਵੱਡੇ ਖ਼ਰਚੇ ਕਰਕੇ ਵੀ ਆਪਣੇ ਲੜਕਿਆਂ ਨੂੰ ਵਿਦੇਸ਼ ਭੇਜਣ ਤੋਂ ਅਸਮਰੱਥ ਹਨ,ਕਿਉਂਕਿ ਲੜਕੀਆਂ ਬਾਹਰ ਜਾ ਕੇ ਜਵਾਬ ਦੇ ਦਿੰਦੀਆਂ, ਅਜਿਹੇ ਹਜਾਰਾਂ ਮਸਲੇ ਕਨੂੰਨੀ ਉਲਝਣਾਂ ਵਿਚ ਫਸੇ ਹੋਏ ਹਨ। ਪੰਜਾਬ ਸਰਕਾਰ ਵਲੋਂ ਅਜਿਹੇ ਮਸਲਿਆਂ ਦੇ ਹੱਲ ਵਲ ਧਿਆਨ ਦੇਣ ਦੀ ਲੋੜ੍ਹ ਹੈ। ਪੰਜਾਬ ਪੁਲਿਸ ਵਲੋਂ ਚਾਲ ਚਲਣ ਤਸਦੀਕ ਕਰਕੇ ਰਿਪੋਰਟ ਦੇਣ ਤੋਂ ਪਹਿਲਾਂ ਅਜਿਹੇ ਕੇਸਾਂ ਦੀ ਪੜ੍ਹਤਾਲ ਕਰਨੀ ਬਣਦੀ ਹੈ।

ਕੈਨੇਡਾ ਦੇ ਕਈ ਕਾਲਜਾਂ ਦੀ ਮਾਨਤਾ ਰੱਦ ਹੋਣ ਕਾਰਨ ਬਹੁਤ ਸਾਰੇ ਵਿੱਦਿਆਰਥੀਆਂ ਨੂੰ ਮੁਸ਼ਕਿਲ ਪੇਸ਼ ਆ ਰਹੀ ਹੈ, ਅਜਿਹੇ ਵਿੱਦਿਆਰਥੀਆਂ ਪ੍ਰਤੀ ਕੈਨੇਡਾ ਤੇ ਦੂਸਰੀਆਂ ਸਰਕਾਰਾਂ ਹਮਦਰਦੀ ਦਾ ਵਤੀਰਾ ਅਪਨਾਉਣ ਤੇ ਸਬੰਧਿਤ ਦੇਸ਼ਾ ਦੀਆਂ ਸਰਕਾਰਾਂ ਨੂੰ ਇਮੀਗਰੇਸ਼ਨ/ ਆਈਲੈਟਸ ਸੈਂਟਰਾਂ ਦੇ ਮਾਲਕਾਂ ਵਿਰੁੱਧ ਕਾਰਵਾਈ ਕਰਨ ਲਈ ਲਿਖਣ। ਪੰਜਾਬ ਤੋਂ ਜਮਾਂ ਦੋ ਤੋਂ ਬਾਅਦ ਵਕਫਾ ਪੂਰਾ ਕਰਨ ਲਈ ਜਾਲੀ ਡਿਗਰੀਆਂ/ਤਜਰਬੇ ਦੇ ਸਰਟੀਫਿਕੇਟ ਲੈ ਕੇ ਗਏ ਵਿੱਦਿਆਰਥੀਆਂ ਨੂੰ ਵਿਦੇਸ਼ਾ ਵਿਚ ਕਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਅਤੇ ਵਾਪਸ ਦੇਸ਼ ਪ੍ਰਤਣ ਦਾ ਹਰ ਵੇਲੇ ਖ਼ੌਫ ਸਿਰਤੇ ਮੰਡਲਾ ਰਿਹਾ। ਪੰਜਾਬ ਦੇ ਬਹੁਤ ਸਾਰੇ ਅਜਿਹੇ ਵਿੱਦਿਆਰਥੀ ਹਨ ਜਿਨ੍ਹਾਂ ਨੇ ਪੜ੍ਹਾਈ ਲਈ ਫੀਸਾਂ ਅਤੇ ਖਾਤਿਆਂ ਵਿਚ ਭਵਿੱਖ ਲਈ ਖ਼ਰਚੇ ਦੀ ਪੂੰਜੀ ਵਿਖਾਉਣ ਲਈ ਜ਼ਮੀਨਾਂ/ਘਰ ਬੈਅ/ਗਹਿਣੇ ਕੀਤੇ, ਬੈਂਕ ਬੈਲੈਂਸ ਵਿਖਾਉਣ ਲਈ ਫਾਈਨੈਂਸਰਾਂ ਨੂੰ ਰਕਮਾਂ ਦਿੱਤੀਆਂ,ਰਿਸਤੇਦਾਰਾਂ,ਦੋਸਤਾਂ,ਮਿੱਤਰਾਂ ਤੋਂ ਮਦੱਦ ਲਈ। ਇਮੀਗਰੇਸ਼ਨ/ ਆਈਲੈਟਸ ਸੈਂਟਰਾਂ ਰਾਂਹੀ ਅੰਬੈਸੀਆਂ ਨੂੰ ਵੀਜੇ ਲਈ ਭੇਜੀਆਂ ਅਰਜੀਆਂ ਰੱਦ ਹੋਣ ਤੇ ਯੂਨੀਵਰਸਟੀਆਂ/ਕਾਲਜਾਂ ਵਲੋਂ ਫੀਸਾਂ ਵਾਪਸ ਕਰਨ ਸਮੇਂ ਪੈਸੇ ਦੀ ਵਰਤੋਂ ਬਦਲੇ ਵਾਧੂ ਪੈਸੇ ਦੇਣ ਦੀ ਬਿਜਾਏ ਜਮਾਂ ਕਰਵਾਈਆਂ ਰੱਕਮਾਂ ਵਿਚੋਂ ਵੱਡੀ ਕਟੌਤੀ ਕੀਤੀ ਜਾਂਦੀ ਹੈ।

ਪੰਜਾਬ ਵਿਚੋਂ ਜਮਾਂ ਦੋ ਬਾਅਦ ਵਿੱਦਿਆਰਥੀਆਂ ਦੇ ਵਿਦੇਸ਼ਾ ਵੱਲ ਰੁਝਾਨ ਕਾਰਨ ਉਚੇਰੀ ਸਿੱਖਿਆ ਲਈ ਖੁਲ੍ਹੀਆਂ ਯੂਨੀਵਰਸਟੀਆਂ ਬਣ ਖੰਡਰ ਜਾਣਗੀਆਂ। ਪੰਜਾਬ ਸਰਕਾਰ ਕੇਂਦਰ ਸਰਕਾਰ ਮਦੱਦ ਨਾਲ ਦੂਜੇ ਦੇਸ਼ਾ ਨਾਲ ਸਮਝੌਤੇ ਕਰਕੇ ਸਾਰੀਆਂ ਯੂਨੀਵਰਸਟੀਆਂ ਵਿਚ ਵਿਦੇਸ਼ਾ ਦੀ ਲੋੜ੍ਹ ਅਨੁਸਾਰ ਕੋਰਸ ਸੁਰੂ ਕਰਵਾ ਸਕਦੀ। ਪੰਜਾਬ ਸਰਕਾਰ ਰੋਜ਼ਗਾਰ ਵਿਭਾਗ ਅਧੀਨ ਚਲ ਰਹੇ ਵਿਦੇਸੀ ਸੈਲ ਨੂੰ ਮਜ਼ਬੂਤ ਕਰੇ ਤੇ ਹਰ ਜ਼ਿਲ੍ਹੇ ਵਿਚ ਯੋਗ ਅਗਵਾਈ ਲਈ ਇਮੀਗਰੇਸ਼ਨ/ ਆਈਲੈਟਸ ਸੈਂਟਰ ਸਥਾਪਿਤ ਕਰਨ ਵਲ ਧਿਆਨ ਦੇਵੇ। ਪੰਜਾਬ ਸਰਕਾਰ ਵਿਦੇਸ਼ੀ ਸਰਕਾਰਾਂ ਨਾਲ ਲੋੜ੍ਹ ਮੁਤਾਬਿਕ ਸਿੱਖਿਅਤ ਮਨੁੱਖੀ ਸਕਤੀ ਪ੍ਰਦਾਨ ਕਰਨ ਲਈ ਸਮਝੌਤੇ ਕਰਕੇ ਯੋਗ ਵਿਅਕਤੀਆਂ ਦੀ ਚੋਣ ਕਰਕੇ ਪੰਜਾਬ ਵਿਚ ਸਿੱਖਿਆ ਦੇਣ ਉਪਰੰਤ ਕਨੂੰਨੀ ਤੌਰ ਤੇ ਭੇਜਣ ਲਈ ਸਹਾਇਤਾ ਪ੍ਰਦਾਨ ਕਰ। ਪੰਜਾਬ ਸਰਕਾਰ ਵਿਦੇਸ਼ਾ ਤੇ ਖਾਸਕਰ ਕੈਨੇਡਾ,ਅਮਰੀਕਾ,ਅਸਟਰੇਲੀਆ, ਯੂਕੇ ਤੇ ਹੋਰ ਦੇਸ਼ਾਂ ਵਿਚ ਤਾਲ ਮੇਲ ਲਈ ਦਫ਼ਤਰ ਸਥਾਪਿਤ ਕਰ ਸਕਦੀ। ਪੰਜਾਬ ਤੋਂ ਵਿਦੇਸ਼ਾ ਨਾਲ ਤਾਲਮੇਲ ਕਰਨ ਅਤੇ ਵਿਦੇਸ਼ਾ ਦੀਆਂ ਸਿੱਖਿਅਤ ਮਨੁੱਖੀ ਸਕਤੀ ਦੀਆਂ ਲੋੜ੍ਹਾਂ ਸਬੰਧੀ ਉਚ ਸਬੰਧਿਤ ਮੰਤਰੀ ਦੀ ਅਗਵਾਈ ਹੇਠ ਅਧਿਕਾਰੀਆਂ/ਯੂਨਵਿਰਸਟੀਆਂ ਦੇ ਵਾਈਸ ਚਾਂਸਲਰਾਂ ਅਤੇ ਮਾਹਰ ਵਿਅਕਤੀਆਂ ਦਾ ਵਫਦ ਭੇਜਿਆ ਜਾ ਸਕਦਾ। ਪੰਜਾਬ ਨਾਲ ਸਬੰਧਿਤ ਐਨ ਆਰ ਆਈਜ ਦੀ ਮਦੱਦ ਲਈ ਜਾ ਸਕਦੀ।

# ਗੁਰਦੇਵ ਪਿਤਾ

-ਰਮੇਸ਼ ਬੱਗਾ ਚੋਹਲਾ-

ਦੁਨੀਆਂ ਦੇ ਸੂਝਵਾਨ ਹਲਕਿਆਂ ਵਿਚ ਮਾਂ ਨੂੰ ਰੱਬ ਦਾ ਦੂਜਾ ਰੂਪ ਕਹਿ ਕੇ ਸਤਿਕ-ਾਰਿਆ ਅਤੇ ਪਿਆਰਿਆ ਜਾਂਦਾ ਹੈ। ਕਿਉਂਕਿ ਆਪਣੇ ਬੱਚੇ ਦੇ ਪਾਲਣ-ਪੋਸ਼ਣ ਹਿੱਤ ਆਪਣੀ ਮਾਂ ਤੋਂ ਵੱਡੀ ਕੁਰਬਾਨੀ ਦੁਨੀਆਂ ਦੇ ਹੋਰ ਕਿਸੇ ਵੀ ਰਿਸ਼ਤੇ ਵਿਚ ਦੇਖਣ ਨੂੰ ਨਹੀਂ ਮਿਲਦੀ ਪਰ ਇਸ ਕੁਰਬਾਨੀ ਦੇ ਜਜ਼ਬੇ ਨੂੰ ਹੁਲਾਰਾ ਬੱਚੇ ਦੇ ਪਿਤਾ ਵੱਲੋਂ ਹੀ ਦਿੱਤਾ ਜਾਂਦਾ ਹੈ। ਪਤਨੀ ਦੇ ਰੂਪ ਵਿਚ ਬੱਚੇ ਦੀ ਮਾਂ ਨੂੰ ਬੱਚੇ ਦੇ ਪਿਤਾ ਵੱਲੋਂ ਸਮੇਂ-ਸਮੇਂ ਦਿੱਤਾ ਗਿਆ ਹੁਲਾਰਾ ਅਤੇ ਸਹਾਰਾ ਉਸ ਮਾਂ ਦੀ ਸ਼ਕਤੀ ਅਤੇ ਸਮਰੱਥਾ ਹੋ ਨਿਬੜਦੀ ਹੈ।

. ਆਪਣਿਆਂ ਬੱਚਿਆਂ ਨੂੰ ਸਹੀ ਸਮੇਂ 'ਤੇ ਸਹੀ ਅਗਵਾਈ ਦੇਣੀ ਅਤੇ ਉਸ ਅਗਵਾਈ ਦੀ ਰੋਸ਼ਨੀ ਵਿਚ ਸਹੀ ਨਿਸ਼ਾਨਿਆਂ ਨੂੰ ਮਿਥਣ ਵਿਚ ਬੱਚੇ ਦੇ ਪਿਤਾ ਦਾ ਆਪਣਾ ਇੱਕ ਅਹਿਮ ਰੋਲ ਹੁੰਦਾ ਹੈ। ਜਿਹੜਾ ਪਿਤਾ ਆਪਣਾ ਇਹ ਰੋਲ ਸੁਚੱਜੇ ਢੰਗ ਨਾਲ ਨਹੀਂ ਨਿਭਾਉਂਦਾ ਉਹ ਆਪਣੀ ਔਲਾਦ ਦੇ ਪਿਆਰ ਅਤੇ ਸਤਿਕਾਰ ਦਾ ਪਾਤਰ ਨਹੀਂ ਬਣ ਸਕਦਾ। ਇਸ ਰੋਲ ਦਾ ਨਿਭਾਅ ਕਿਸੇ ਪਿਤਾ ਦੀ ਆਰਥਿਕਤਾ ਨਾਲ ਵੀ ਜੁੜਿਆ ਹੁੰਦਾ ਹੈ। ਜੇਕਰ ਆਰਥਿਕਤਾ ਬਲਵਾਨ ਹੋਵੇਗੀ ਤਾਂ ਰੋਲ ਵੀ ਪ੍ਰਭਾਵਸ਼ਾਲੀ ਹੋਵੇਗਾ ਪਰ ਜੇਕਰ ਆਰਥਿਕਤਾ ਦਾਲ-ਫੁਲਕੇ ਜੋਗੀ ਹੀ (ਭਾਵ ਕਮਜ਼ੋਰ) ਹੋਵੇਗੀ ਤਾਂ ਪਿਤਾ ਜੀ ਦਾ ਇਹ ਰੋਲ ਵੀ ਬੁੱਤਾ-ਸਾਰ ਹੀ ਹੋਵੇਗਾ। ਖ਼ੈਰ ਆਰਥਿਕ-ਸਮਾਜਿਕ ਰੁਤਬਾ ਚਾਹੇ ਕੋਈ ਵੀ ਹੋਵੇ ਹਰੇਕ ਪਿਤਾ ਆਪਣੇ ਬੱਚਿਆਂ ਦਾ ਭਲਾ ਸੋਚਦਾ ਅਤੇ ਲੋਚਦਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਔਲਾਦ ਉਸ ਤੋਂ ਵੀ ਚਾਰ ਕਦਮ ਅਗੇਰੇ ਜਾਵੇ। ਉਸ ਦੇ ਬੱਚਿਆਂ ਦੀ ਕਾਮਯਾਬੀ ਵਿਚ ਹੀ ਉਸ ਦੀ ਆਪਣੀ ਕਾਮਯਾਬੀ ਅਤੇ ਖ਼ੁਸ਼ੀ ਛੁਪੀ ਹੁੰਦੀ ਹੈ। ਜੇਕਰ ਬੱਚਿਆਂ ਨੂੰ ਕੋਈ ਭੁੱਖ/ਦੁੱਖ ਹੋਵੇ ਤਾਂ ਪਿਤਾ ਆਪਣੇ ਹਿੱਸੇ ਦੀ ਬੁਰਕੀ/ ਸੁੱਖ ਆਪਣੇ ਬੱਚਿਆਂ ਤੋਂ ਵਾਰ ਦਿੰਦਾ ਹੈ। ਇਸ ਵਾਰਨੇ ਦੀ ਭਾਵਨਾ ਨੂੰ ਉਹ ਆਪਣਾ ਧੰਨ ਭਾਗ ਸਮਝਦਾ ਹੈ। ਆਪਣੇ ਧੀਆਂ-ਪੁੱਤਰਾਂ ਦੀ ਤਰੱਕੀ ਉਸ ਲਈ ਖ਼ੁਸ਼ੀਆਂ-ਖੇੜਿਆਂ ਦਾ ਸਬੱਬ ਬਣਦੀ ਹੈ। ਜਗ 'ਤੇ ਪੁੱਤ ਤਾਂ ਕਪੁੱਤ ਹੁੰਦੇ ਅਕਸਰ ਸੁਣੇ ਜਾਂਦੇ ਹਨ ਪਰ ਕੋਈ ਪਿਤਾ ਕੁਪਿਤਾ ਹੁੰਦਾ ਬਹੁਤ ਹੀ ਘੱਟ ਸੁਣਾਈ/ਦਿਖਾਈ ਦਿੰਦਾ ਹੈ। ਪਿਤਾ ਆਪ ਤਾਂ ਕੰਡਿਆਲੀਆਂ ਰਾਹਾਂ 'ਤੇ ਵੀ ਤੁਰ ਲੈਂਦਾ ਹੈ ਪਰ ਆਪਣੇ ਧੀਆਂ-ਪੁੱਤਰਾਂ ਦੀਆਂ ਰਾਹਾਂ ਵਿਚੋਂ ਹਮੇਸ਼ਾਂ ਕੰਡੇ ਚੁੱਗਦਾ ਰਹਿੰਦਾ ਹੈ। ਉਸ ਦੀ ਕਮਾਈ ਅਤੇ ਭਲਾਈ ਸਦਕਾ ਹੀ ਉਸ ਦੀ ਸੰਤਾਨ ਸਦਾ ਮੌਜ(ਖ਼ੁਸ਼ੀ) ਵਿਚ ਰਹਿੰਦੀ ਹੈ। ਤਾਂਹੀਉਂ ਤਾਂ ਕਿਸੇ ਗਾਇਕ ਨੇ ਇਹ ਬੋਲ ਕਹੇ ਹਨ ਜੋ ਸੱਚ ਦੇ ਕਾਫ਼ੀ ਨੇੜੇ ਹਨ:-

'ਉਹ ਮੌਜਾਂ ਭੁੱਲਦੀਆਂ ਨਹੀਂ ਜੋ ਬਾਪੂ (ਪਿਤਾ) ਦੇ ਸਿਰ 'ਤੇ ਕਰੀਆਂ'

ਸਾਡੇ ਗੁਰੂ ਸਾਹਿਬਾਨ ਨੇ ਮਾਤਾ ਦੇ ਨਾਲ-ਨਾਲ ਪਿਤਾ ਨੂੰ ਵੀ ਗੁਰਦੇਵ ਦਾ ਦਰਜਾ ਦਿੱਤਾ ਹੈ। ਇਸ ਦਰਜੇ ਤਹਿਤ ਮਾਤਾ-ਪਿਤਾ ਦੀ ਸੇਵਾ ਤੀਰਥ ਸਮਾਨ ਮੰਨੀ ਗਈ ਹੈ। ਪਰ ਅਜੋਕੇ ਸਮੇਂ ਵਿਚ ਇਹ ਸਮੀਕਰਣਾਂ ਦਿਨ-ਬ-ਦਿਨ ਬਦਲਦੀਆਂ ਜਾ ਰਹੀਆਂ ਹਨ। ਇਨ੍ਹਾਂ ਸਮੀਕਰਣਾਂ ਕਾਰਨ ਸਾਡੀ ਰਿਸ਼ਤਾ-ਨਾਤਾ ਪ੍ਰਣਾਲੀ ਵੀ ਮਤਲਬਖ਼ੋਰੀ ਪਹੁੰਚ ਦਾ ਸ਼ਿਕਾਰ ਹੋ ਰਹੀ ਹੈ। 'ਗੌਂ ਭੁਨਾਵੇਂ ਜੌਂ' ਦੀ ਤਰਜ਼ 'ਤੇ ਹਰੇਕ ਬੰਦਾ ਆਪਣੇ ਮਤਲਬ ਨਾਲ ਬੱਝਾ ਹੋਇਆ ਹੈ। ਮਤਲਬ ਨਿਕਲ ਜਾਣ ਤੋਂ ਬਾਅਦ ਉਹ ਸਿੱਧੇ ਮੂੰਹ ਗੱਲ ਵੀ ਨਹੀਂ ਕਰਦਾ। ਬਦਲੀਆਂ ਹੋਈਆਂ ਇਨ੍ਹਾਂ ਸਮੀਕਰਣਾਂ ਦਾ ਅਸਰ ਬਾਪ-ਬੇਟੇ/ ਬੇਟੀਆਂ ਦੇ ਰਿਸ਼ਤਿਆਂ ਵਿਚ ਵੀ ਸਾਫ ਦਿਖਾਈ ਦੇਣ ਲੱਗ ਪਿਆ ਹੈ। ਜਿਹੜੀ ਸੰਤਾਨ ਦੀ ਬਿਗੜੀ ਸੰਵਾਰਨ ਲਈ ਪਿਤਾ ਵੱਲੋਂ ਅਕਸਰ ਕੋਈ ਨਾ ਕੋਈ ਘਾਲਣਾ ਘਾਲੀ ਜਾਂਦੀ ਹੈ। ਉਹੀ ਸੰਤਾਨ ਲੋੜ ਪੈਣ ਤੇ ਉਸ (ਪਿਤਾ) ਨੂੰ ਅੱਖਾਂ ਦਿਖਾਉਣ ਲੱਗ ਪੈਂਦੀ ਹੈ। ਪਿਛਲੀ ਉਮਰੇ ਕਈ ਬਾਪ ਤਾਂ ਆਪਣੇ ਬੱਚਿਆਂ ਦੀ ਬੇਧਿਆਨੀ ਦਾ ਸ਼ਿਕਾਰ ਹੋ ਕੇ ਬਿਰਧ ਆਸ਼ਰਮ ਦੀ ਸ਼ਰਨ ਤੱਕ ਲੈ ਲੈਂਦੇ ਹਨ। ਦੁਖੀ ਹੋਈ ਉਨ੍ਹਾਂ ਦੀ ਆਤਮਾ ਤਾਂ ਇਹ ਵੀ ਕਹਿ ਦਿੰਦੀ ਹੈ ਕਿ 'ਅਜਿਹੀ ਔਲਾਦ ਨਾਲੋਂ ਤਾਂ ਬੇਔਲਾਦੇ ਹੀ ਚੰਗੇ ਸੀ'। ਅਜਿਹੀ ਸੂਰਤ-ਏ-ਹਾਲ ਕਈ ਵਾਰ ਤਾਂ ਕਈਆਂ ਬੱਚਿਆਂ ਵਿਚ ਆਈ (ਪਿਤਾ ਦੀ ਦੌਲਤ ਪ੍ਰਤੀ) ਲਾਲਚ ਦੀ ਭਾਵਨਾ ਵੱਸ ਉਪਜ ਪੈਂਦੀ ਹੈ। ਦੌਲਤ ਦੀ ਵੰਡ ਅਤੇ ਔਲਾਦ ਦੀ ਬੇਰੁਖ਼ੀ ਤਾਂ ਹੁਣ ਮਾਪਿਆਂ ਨੂੰ ਵੀ ਵੰਡਣ ਲੱਗ ਪਈ ਹੈ। ਆਪਣੀ ਜ਼ਿਮੀਵਾਰੀ ਤੋਂ ਕਿਨਾਰਾ ਕਰਨ ਵਾਲੀ ਸੰਤਾਨ ਮਾਂ ਨੂੰ ਕਿਤੇ ਹੋਰ ਅਤੇ ਬਾਪ(ਪਿਤਾ) ਨੂੰ ਕਿਤੇ ਹੋਰ ਰਹਿਣ ਲਈ ਮਜ਼ਬੂਰ ਕਰ ਦਿੰਦੀ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਉਨ੍ਹਾਂ ਨੂੰ ਮਾਨਸਿਕ ਕਸ਼ਟ ਸਹਿਣਾ ਪੈਂਦਾ ਹੈ ਉਥੇ ਉਨ੍ਹਾਂ ਦਾ ਬੁਢਾਪਾ ਵੀ ਮਿੱਟੀ ਵਿਚ ਰੁੱਲ ਜਾਂਦਾ ਹੈ।

ਸੋ ਪਿਤਾ ਦਿਵਸ ਮਨਾਉਣਾ ਤਦ ਹੀ ਸਾਰਥਿਕ ਹੋ ਸਕਦਾ ਹੈ ਜੇਕਰ ਅਸੀਂ ਆਪਣੇ ਪਿਤਾ ਨੂੰ ਉਨ੍ਹਾਂ ਸਾਰੀਆਂ ਤੱਤੀਆਂ ਹਵਾਵਾਂ( ਦੁੱਖ-ਤਕਲੀਫ਼ਾਂ) ਤੋਂ ਬਚਾ ਕੇ ਰੱਖੀਏ ਜਿਹੜੀਆਂ ਉਸ ਲਈ ਸਰੀਰਕ ਅਤੇ ਮਾਨਸਿਕ ਪੀੜਾ ਦਾ ਕਾਰਨ ਬਣਦੀਆਂ ਹੋਣ ਅਤੇ ਔਲਾਦ ਲਈ ਜਗ-ਹਸਾਈ ਦਾ ਸਬੱਬ ਹੋ ਨਿਬੜਨ। ਪੈਸੇ ਨਾਲੋਂ ਵੱਧ ਕੇ ਪਿਤਾ ਨੂੰ ਪਿਆਰ ਦੀ ਭੁੱਖ ਹੁੰਦੀ ਹੈ ਜੋ ਬੱਚਿਆਂ ਵੱਲੋਂ ਪਿਆਰ ਦੇ ਦੋ ਬੋਲ, ਬੋਲ ਕੇ ਹੀ ਪੂਰੀ ਕੀਤੀ ਜਾ ਸਕਦੀ ਹੈ। ਤੇ ਇਨ੍ਹਾਂ ਬੋਲਾਂ ਉਪਰ ਕੋਈ ਖਾਸ ਖਰਚ ਵੀ ਨਹੀਂ ਜੇ ਆਉਂਦਾ ਤਾਂ ਫਿਰ ਕਰ ਦਿਓ ਅੱਜ ਤੋਂ ਹੀ ਸ਼ੁਰੂ ।


# ਅਗਨੀਪਥ ਅਤੇ ਅਗਨੀਵੀਰ ਵਾਲਾ ਫੈਸਲਾ ਲੋਕਾਂ ਲਈ ਚੰਗਾ ਨਹੀਂ ਤਾਂ ਵੇਲੇ ਸਿਰ ਵਾਪਸ ਲੈ ਲੈਣਾ ਚਾਹੀਦੈ



ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਸਭ ਤੋਂ ਵੱਡੇ ਧਾਰਮਿਕ ਭਾਈਚਾਰੇ ਦੇ ਲੋਕਾਂ ਦਾ ਹੀਰੋ ਮੰਨਿਆ ਜਾਣ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰੀ ਨੂੰ ਇਸ ਵੇਲੇ ਕਿਸੇ ਤਰ੍ਹਾਂ ਦੀ ਕੋਈ ਚੁਣੌਤੀ ਨਹੀਂ। ਚੁਣੌਤੀ ਸਾਹਮਣੇ ਨਾ ਹੋਣ ਦੇ ਕਾਰਨਾਂ ਵਿੱਚੋਂ ਇੱਕ ਕਾਰਨ ਇਹ ਵੀ ਹੈ ਕਿ ਜਦੋਂ ਉਹਦੇ ਮੂਹਰੇ ਵਿਰੋਧੀ ਧਿਰ ਨਾ ਹੋਇਆਂ ਵਰਗੀ ਹੈਅਤੇ ਇਸ ਵਿਰੋਧੀ ਧਿਰ ਦੀ ਮੋਹਰੀ ਪਾਰਟੀ ਮਰਨਾਊ ਪਈ ਹੋਈ ਹੈ ਤਾਂ ਚੁਣੌਤੀ ਹੋ ਵੀ ਨਹੀਂ ਸਕਦੀ। ਇਸ ਪੱਖ ਤੋਂ ਨਰਿੰਦਰ ਮੋਦੀ ਸਿਰਹਾਣੇ ਬਾਂਹ ਦੇ ਕੇ ਵੀ ਸੁੱਤਾ ਰਹੇ ਤਾਂ ਉਸ ਦਾ ਰਾਜ ਚੱਲੀ ਜਾਵੇਗਾ ਤੇ ਇਸ ਨੂੰ ਚਲਾਉਣ ਵਾਲਿਆਂ ਦੀ ਗਿਣਤੀ ਬਹੁਤ ਵੱਡੀ ਤੇ ਇਹੋ ਜਿਹੀ ਹੈ ਕਿ ਉਹ ਕੋਈ ਮਿਹਨਤਾਨਾ ਵੀ ਨਹੀਂ ਮੰਗਦੇ, ਸਿਰਫ ਨਜ਼ਰ ਸਵੱਲੀ ਰੱਖਣ ਦੀ ਆਸ ਨੂੰ ਸਭ ਤੋਂ ਵੱਡਾ ਮਿਹਨਤਾਨਾ ਮੰਨ ਸਕਦੇ ਹਨ।ਭਾਰਤਵਿੱਚ ਲੰਮਾ ਸਮਾਂ ਰਾਜ ਕਰ ਚੁੱਕੀਆਂ ਵੱਖ-ਵੱਖ ਸਰਕਾਰਾਂ ਦੌਰਾਨ ਦੇਸ਼ ਨੂੰ ਚਲਾਉਣ ਅਤੇਦੁਨੀਆ ਤੱਕ ਦਾ ਤਜਰਬਾ ਹਾਸਲ ਕਰ ਚੁੱਕੇ ਰਿਟਾਇਰਡ ਅਫਸਰਾਂ ਦੀ ਫੌਜ ਉਸ ਕੋਲ ਚੋਖੀ ਤਕੜੀ ਹੈ ਅਤੇ ਅੱਗੋਂ ਰਿਟਾਇਰ ਹੋਣ ਵਾਲਿਆਂ ਵਿੱਚ ਵੀ ਇਸ ਗੱਲ ਦੀ ਹੋੜ ਲੱਗੀ ਦਿੱਸਦੀ ਹੈ ਕਿ ਦੂਜਿਆਂ ਤੋਂ ਪਹਿਲਾਂ ਇਸ ਦਰਬਾਰ ਵਿੱਚ ਖਿਦਮਤ ਦਾ ਮੌਕਾ ਹਾਸਲ ਕੀਤਾ ਜਾਵੇ। ਇਸ ਲਈ ਸਰਕਾਰ ਨੂੰ ਕੋਈ ਚੁਣੌਤੀ ਨਹੀਂ।

ਜਦੋਂ ਭਾਰਤ ਦੀ ਅਜੋਕੀ ਸਰਕਾਰ ਨੂੰ ਤੇ ਇਸ ਦੇ ਆਗੂ ਦੀ ਅਗਵਾਈ ਨੂੰ ਕੋਈ ਖਾਸ ਖਤਰਾ ਹੀ ਨਹੀਂ, ਏਦਾਂ ਦੇ ਸੁਖਾਵੇਂ ਸਮੇਂ ਵਿੱਚ ਵੀ ਇਹ ਸਰਕਾਰ ਇੱਕ ਪਿੱਛੋਂ ਦੂਸਰੇ ਇਹੋ ਜਿਹੇ ਕਦਮ ਚੁੱਕਦੀ ਪਈ ਹੈ, ਜਿਹੜੇ ਭਾਰਤ ਦੇ ਲੋਕਾਂ ਦੇ ਵੱਡੇ ਹਿੱਸੇ ਨੂੰ ਸਹੀ ਨਹੀਂ ਜਾਪਦੇ। ਇਨ੍ਹਾਂ ਵਿੱਚੋਂ ਹੀ ਇੱਕ ਕਦਮ ਖੇਤੀ ਖੇਤਰ ਵਾਲੇ ਤਿੰਨ ਬਿੱਲ ਧੱਕੇ ਨਾਲ ਪਾਸ ਕਰ ਕੇ ਲਾਗੂ ਕਰਵਾਉਣ ਦਾ ਸੀ, ਜਿਸ ਦਾ ਏਨਾ ਤਿੱਖਾ ਵਿਰੋਧ ਹੋਇਆ ਕਿ ਸਵਾ ਸਾਲ ਤੋਂ ਵੱਧ ਸਮਾਂ ਕਿਸਾਨ ਭਾਈਚਾਰੇ ਦੇ ਸਿਰੜੀ ਸੰਘਰਸ਼ ਤੋਂ ਬਾਅਦ ਆਖਰ ਉਹ ਤਿੰਨੇ ਬਿੱਲ ਰੱਦ ਕਰਨ ਦਾ ਮਤਾ ਓਸੇ ਪਾਰਲੀਮੈਂਟ ਤੋਂ ਪਾਸ ਕਰਵਾਉਣ ਦੀ ਨੌਬਤ ਆ ਗਈ, ਜਿਸ ਤੋਂ ਪਾਸ ਕਰਵਾ ਕੇ ਲਾਗੂ ਕਰਨੇ ਚਾਹੇ ਸਨ। ਓਦੋਂ ਤੱਕ ਇਹ ਕਿਹਾ ਜਾਂਦਾ ਸੀ ਕਿ ਦੇਸ਼ ਦੀ ਵਾਗ ਉਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥਾਂ ਵਿੱਚ ਹੈ, ਜਿਸ ਦਾ ਪੁੱਟਿਆ ਕਦਮ ਕੋਈ ਵਾਪਸ ਨਹੀਂ ਕਰਵਾ ਸਕਦਾ ਅਤੇ ਜਿਹੜੀ ਗੱਲ ਉਸ ਨੇ ਕਹਿ ਦਿੱਤੀ, ਸਮਝ ਲਉ ਕਿ ਨਾਮੁਮਕਿਨ (ਨਾ ਹੋ ਸਕਣ ਵਾਲਾ) ਕੰਮ ਵੀ 'ਮੋਦੀ ਹੈ ਤਾਂ ਮੁਮਕਿਨ ਹੈ।'ਪੁੱਟਿਆ ਕਦਮ ਪਿੱਛੇ ਨਾ ਖਿਸਕਾਉਣ ਦੇ ਰਿਕਾਰਡ ਵਾਲੇ ਨਰਿੰਦਰ ਮੋਦੀ ਲਈ ਓਦੋਂ ਚੱਲੇ ਕਿਸਾਨਾਂ ਦੇ ਸੰਘਰਸ਼ ਨੇ ਪਹਿਲੀ ਵਾਰੀ ਆਪਣੇ ਕਦਮ ਉੱਤੇ ਟਿਕੇ ਰਹਿਣਾ ਔਖਾ ਕਰ ਦਿੱਤਾ ਅਤੇ ਪੈਰ ਪਿੱਛੇ ਖਿੱਚਣੇ ਪਏ ਸਨ।

ਇੱਕ ਖਾਸ ਭਾਈਚਾਰੇ ਵਿਰੁੱਧ ਸੇਧੇ ਜਾਂਦੇ ਕਦਮਾਂ ਨੂੰ ਛੱਡ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰਚੋਖਾ ਚਿਰ ਹੋਰ ਕੋਈ ਮੁੱਦਾ ਖੜਾ ਕਰਨ ਵਾਲਾ ਕਦਮ ਚੁੱਕਣ ਤੋਂ ਬਚਦੀ ਰਹੀ ਸੀ। ਇਸ ਹਫਤੇ ਫਿਰ ਇਸ ਸਰਕਾਰ ਨੇ ਇਹੋ ਜਿਹਾ ਕਦਮ ਚੁੱਕਿਆ ਹੈ, ਜਿਸ ਦਾ ਸਾਰੇ ਦੇਸ਼ ਵਿੱਚ ਤਿੱਖਾ ਵਿਰੋਧ ਹੁੰਦਾ ਵੇਖਿਆ ਗਿਆ ਹੈ। ਇਹ ਕਦਮ ਭਾਰਤੀ ਫੌਜਾਂ ਦੇ ਤਿੰਨਾਂ ਅੰਗਾਂ ਵਿੱਚ ਦੇਸ਼ ਦੇ



ਜਤਿੰਦਰ ਪੰਨੂ

ਨੌਜਵਾਨਾਂ ਨੂੰ ਕੱਚੀ ਉਮਰ ਵਿੱਚ ਭਰਤੀ ਕਰਨ ਦੇ ਨਵੇਂ ਨਿਯਮਾਂ ਨਾਲ ਸੰਬੰਧਤ ਹੈ, ਜਿਸ ਨੂੰ 'ਅਗਨੀਪੱਥ' ਯੋਜਨਾ ਕਿਹਾ ਗਿਆ ਹੈ ਤੇ ਭਰਤੀ ਹੋਣ ਵਾਲਿਆਂ ਨੂੰ 'ਅਗਨੀਵੀਰ' ਕਿਹਾ ਜਾਣਾ ਹੈ। ਵਿਰੋਧ ਕਰ ਰਹੇ ਨੌਜਵਾਨਾਂ ਦੇ ਕੁਝਗੰਭੀਰ ਇਤਰਾਜ਼ ਇਸ ਯੋਜਨਾ ਦੀ ਭਰਤੀ ਲਈ ਰੱਖੀ ਮੁੱਢਲੀ ਉਮਰ ਦੀ ਹੱਦ ਬਾਰੇ ਅਤੇ ਕੁਝ ਹੋਰ ਇਤਰਾਜ਼ ਚਾਰ ਸਾਲਾਂ ਪਿੱਛੋਂ ਪੰਝੀ ਫੀਸਦੀ ਨੌਜਵਾਨਾਂ ਨੂੰ ਫੌਜ ਵਿੱਚ ਰੱਖਣ ਤੇ ਪੰਝੱਤਰ ਫੀਸਦੀ ਨੂੰ ਕੱਢ ਦੇਣ ਦੀ ਨੀਤੀ ਬਾਰੇ ਹਨ। ਜਿਹੜੇ ਪੰਝੀ ਫੀਸਦੀ ਨੌਜਵਾਨ ਕੱਢੇ ਜਾਣਗੇ, ਉਨ੍ਹਾਂ ਦੇ ਭਵਿੱਖ ਦਾ ਸਵਾਲ ਵੀ ਖੜਾ ਹੋ ਰਿਹਾ ਹੈ ਤੇ ਅਜਿਹੇ ਮਾਹੌਲ ਵਿੱਚ ਭੜਕੇ ਹੋਏ ਨੌਜਵਾਨ ਉਨ੍ਹਾਂ ਸਰਕਾਰੀ ਜਾਇਦਾਦਾਂ ਦੀ ਸਾੜ-ਫੂਕ ਤੇ ਭੰਨ-ਤੋੜ ਕਰ ਰਹੇ ਹਨ, ਜਿਨ੍ਹਾਂ ਨੂੰ ਬਣਾਉਣ ਉੱਤੇ ਉਨ੍ਹਾਂ ਵਰਗੇ ਭਾਰਤੀ ਨਾਗਰਿਕਾਂ ਦੀ ਖ਼ੂਨ-ਪਸੀਨੇ ਦੀ ਕਮਾਈ ਵਿੱਚੋਂ ਆਏ ਟੈਕਸਾਂ ਦਾ ਪੈਸਾ ਲੱਗਦਾ ਹੈ ਅਤੇ ਉਨ੍ਹਾਂ ਦੀ ਲੋੜ ਹੋਣ ਕਾਰਨ ਏਨਾ ਪੈਸਾ ਲਾ ਕੇ ਫਿਰ ਬਣਾਉਣੇ ਪੈਣਗੇ। ਕਈ ਸੱਜਣ ਇਸ ਸੰਘਰਸ਼ ਨੂੰ ਕਿਸਾਨਾਂ ਦੇ ਉਸ ਸੰਘਰਸ਼ ਨਾਲ ਬਰਾਬਰ ਤੋਲਦੇ ਹਨ, ਜਿਹੜਾ ਸਵਾ ਸਾਲ ਦੇ ਕਰੀਬ ਚੱਲਿਆ ਸੀ, ਪਰ ਕਿਸੇ ਥਾਂ ਹਿੰਸਾ ਦੀ ਪਹਿਲ ਉਨ੍ਹਾਂ ਨੇ ਨਹੀਂ ਸੀ ਕੀਤੀ, ਹਿੰਸਕ ਕੰਮ ਸਰਕਾਰ ਚਲਾਉਣ ਵਾਲਿਆਂ ਨੂੰ ਖੁਸ਼ ਕਰਨ ਲਈ ਮੌਕੇ ਦੇ ਅਫਸਰ ਤੇ ਸੰਬੰਧਤ ਥਾਂਵਾਂ ਦੇ ਇੱਕ ਖਾਸ ਪਾਰਟੀ ਨਾਲ ਜੁੜੇ ਲੀਡਰ ਕਰਦੇ ਅਤੇ ਕਰਾਉਂਦੇ ਰਹੇ ਸਨ। ਇਨ੍ਹਾਂ ਦੋਵਾਂ ਲਹਿਰਾਂਦੀ ਇੱਕ ਸਾਂਝ ਜ਼ਰੂਰ ਹੈ ਕਿ ਦੋਵਾਂ ਦੀ ਚਿੰਤਾ ਭਵਿੱਖ ਬਾਰੇ ਹੈ, ਕਿਸਾਨ ਸੰਘਰਸ਼ ਨਸਲਾਂ ਅਤੇ ਫਸਲਾਂ ਬਚਾਉਣ ਵਸਤੇ ਸੀ ਅਤੇ ਇਨ੍ਹਾਂ ਭੜਕੇ ਹੋਏ ਨੌਜਵਾਨਾਂ ਦੀ ਚਿੰਤਾ ਆਪਣੇ ਰੁਜ਼ਗਾਰ ਬਾਰੇ ਹੈ, ਜਿਸ ਦੇ ਬਿਨਾਂ ਜ਼ਿੰਦਗੀ ਗੁਜ਼ਾਰਨੀ ਮੁਸ਼ਕਲ ਹੈ।

ਦੂਸਰਾ ਪੱਖ ਕੁਝ ਸਿਆਸੀ ਸੂਝ ਵਾਲੇ ਲੀਡਰਾਂ ਤੇ ਫੌਜ ਦੇ ਸਾਬਕਾ ਜਰਨੈਲਾਂ ਦਾ ਹੈ। ਉਨ੍ਹਾਂ ਨੂੰ ਪਹਿਲਾ ਇਤਰਾਜ਼ ਇਸ ਤਜਵੀਜ਼ ਬਾਰੇ ਹੈ ਕਿਵੱਖ-ਵੱਖ ਸ਼੍ਰੇਣੀਆਂ ਤੋਂ ਆਏ ਨੌਜਵਾਨਾਂ ਨੂੰ ਅੱਜ ਤੱਕ ਉਨ੍ਹਾਂ ਲਈ ਵਿਸ਼ੇਸ਼ ਯੂਨਿਟਾਂ ਵਿੱਚ ਹੀ ਭਰਤੀ ਕੀਤਾ ਜਾਂਦਾ ਸੀ, ਪਰ ਨਵੀਂ ਸਕੀਮ ਵਿੱਚ ਉਨ੍ਹਾਂ ਨੂੰ ਕਿਸੇ ਵੀ ਯੂਨਿਟ ਨਾਲ ਜੋੜਿਆ ਜਾ ਸਕਦਾ ਹੈ। ਸੋਚਿਆ ਜਾ ਸਕਦਾ ਹੈ ਕਿ ਜਿਹੜੀਆਂ ਯੂਨਿਟਾਂ ਕਿਸੇ ਵਿਸ਼ੇਸ਼ ਭਾਈਚਾਰੇ ਜਾਂ ਕਿਸੇ ਖਾਸ ਰੇਸ ਨਾਲ ਜੁੜੀਆਂ ਸਨ, ਉਨ੍ਹਾਂ ਦੀ ਪਿਛਲੀ ਮਾਣ-ਮੱਤੀ ਵਿਰਾਸਤ ਉਨ੍ਹਾਂ ਨੂੰ ਪ੍ਰੇਰਤ ਕਰਦੀ ਸੀ ਤੇ ਦੂਸਰੀ ਗੱਲ ਇਹ ਕਿ ਕਿਸੇ ਖਾਸ ਸ਼੍ਰੇਣੀ ਵਿੱਚੋਂ ਆਏ ਨੌਜਵਾਨਾਂ ਨੂੰ ਉਸੇ ਕਿਸਮ ਦੇ ਸੱਭਿਆਚਾਰ ਵਾਲੀ ਯੂਨਿਟ ਵਿੱਚ ਐਡਜਸਟ ਕਰਨਾ ਸੌਖਾ ਹੁੰਦਾ ਸੀ। ਨਵੀਂ ਸਕੀਮ ਵਿੱਚ ਪੰਜਾਬੀ ਗੱਭਰੂ ਕਿਸੇ ਹੋਰ ਵਰਗ ਦੇ ਬਹੁਤੇ ਜਵਾਨਾਂ ਵਾਲੀ ਯੂਨਿਟ ਵਿੱਚ ਗਿਆ ਤਾਂ ਉਨ੍ਹਾਂ ਦੇ ਸੱਭਿਆਚਾਰਕ ਜਾਂ ਧਾਰਮਿਕ ਵਖਰੇਵਿਆਂ ਕਾਰਨ ਓਥੇ ਮੁੱਢਲੇ ਦਿਨਾਂ ਵਿੱਚ ਚੋਖੀ ਔਖ ਮਹਿਸੂਸ ਕਰੇਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਦੇ ਮਾਮਲੇ ਸਮਝਦਾ ਨਾ ਹੋਇਆ ਤਾਂ ਨਾ ਕਹਿਣ ਵਾਲੀ ਕੋਈ ਗੱਲ ਬੋਲ ਬੈਠਾ ਤਾਂ ਕਿਸੇ ਨਵੇਂ ਰੱਫੜ ਦਾ ਕਾਰਨ ਬਣ ਜਾਵੇਗਾ। ਇਸ ਕਰ ਕੇ ਇਹ ਸਮਝਿਆ ਜਾਂਦਾ ਹੈ ਕਿ ਪਿਛਲੇ ਪੌਣੇ ਦੋ ਸੌ ਸਾਲਾਂ ਤੋਂ ਜਿਹੜੀ ਪਿਰਤ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰ ਦੇ ਪੱਖੋਂ ਨਿਵੇਕਲੀ ਬਣਤਰ ਦਾ ਧਿਆਨ ਰੱਖ ਕੇ ਚੱਲ ਰਹੀ ਹੈ, ਉਸ ਨੂੰ ਛੇੜਨਾ ਨਹੀਂ ਚਾਹੀਦਾ। ਇਸ ਦੇ ਨਾਲ ਨੇਪਾਲ ਦੇ ਪਿਛੋਕੜ ਵਾਲੇ ਸਾਬਕਾ ਜਰਨੈਲਾਂ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੇ ਭਾਰਤੀ ਫੌਜ ਵਿੱਚ ਭਰਤੀ ਹੋ ਕੇ ਸਿਰਫ ਤਨਖਾਹਾਂ ਨਹੀਂ ਲਈਆਂ, ਇਸ ਦੇਸ਼ ਲਈ ਜੰਗਾਂ ਵਿੱਚ ਸ਼ਹੀਦੀਆਂ ਵੀ ਪਾਈਆਂ ਹਨ। ਉਨ੍ਹਾਂ ਦੇ ਇੱਕ ਨਿਵੇਕਲੇ ਸੱਭਿਆਚਾਰ ਅਤੇ ਜੰਗਾਂ ਵਿੱਚ ਅੱਗੇ ਹੋ ਕੇ ਜੂਝਣ ਦੀ ਮੁਹਾਰਤ ਕਾਰਨ ਬ੍ਰਿਟੇਨ ਵਰਗੇ ਮੁਲਕਾਂ ਦੀ ਫੌਜ ਵੀ ਉਚੇਚ ਨਾਲ ਉਨ੍ਹਾਂ ਨੂੰ ਆਪਣੇ ਦੇਸ਼ ਦੀ ਸੇਵਾ ਲਈ ਚੁਣਦੀ ਰਹਿੰਦੀ ਹੈ। ਕਈ ਸਾਲ ਪਹਿਲਾਂ ਇਨ੍ਹਾਂ ਸਤਰਾਂ ਦਾ ਲੇਖਕ ਬ੍ਰਿਟੇਨ ਦੌਰੇ ਸਮੇਂ ਪੰਜਾਬੀ ਪਾਰਲੀਮੈਂਟ ਮੈਂਬਰ ਵਰਿੰਦਰ ਸ਼ਰਮਾ ਤੇ ਮੇਅਰ ਰਣਜੀਤ ਧੀਰ ਨਾਲ ਇਹੋ ਜਿਹੇ ਇੱਕ ਸਮਾਗਮ ਵਿੱਚਸ਼ਾਮਲ ਹੋਇਆ ਸੀ, ਜਿਹੜਾ ਕਿਸੇ ਮੋਰਚੇ ਉੱਤੇ ਗੋਰੇ ਬ੍ਰਿਟਿਸ਼ ਨੌਜਵਾਨ ਅਤੇ ਇੱਕ ਗੋਰਖੇ ਫੌਜੀ ਦੇ ਇਕੱਠੇ ਮਾਰੇ ਜਾਣ ਪਿੱਛੋਂ ਉਨ੍ਹਾਂ ਦੀ ਯਾਦ ਵਿੱਚ ਕਰਾਇਆ ਗਿਆ ਸੀ। ਜਿਹੜੇ ਗੋਰਖੇ ਲੋਕ ਸਾਰੀ ਦੁਨੀਆ ਵਿੱਚ ਨਿਵੇਕਲੇ ਸੱਭਿਆਚਾਰ ਅਤੇ ਫੌਜੀ ਸੇਵਾ ਦੀ ਮੁਹਾਰਤ ਲਈ ਜਾਣੇ ਜਾਂਦੇ ਹਨ, ਉਹ ਵੀ ਭਾਰਤ ਸਰਕਾਰ ਦੀ ਨਵੀ ਸਕੀਮ ਤੋਂ ਸੰਤੁਸ਼ਟ ਨਹੀਂ ਹਨ।

ਇੱਕ ਵਾਰ ਫਿਰ ਕਹਿ ਦਿਆਂ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰੀ ਨੂੰ ਕਿਸੇ ਤਰ੍ਹਾਂ ਦਾ ਖਤਰਾ ਕੋਈ ਨਹੀਂ, ਪਰ ਜਿੱਦਾਂ ਦੇ ਕਦਮ ਇਹ ਸਰਕਾਰ ਚੁੱਕਣ ਲੱਗ ਪਈ ਹੈ, ਇਹ ਕਦਮ ਦੇਸ਼ ਦੇ ਲੋਕਾਂ ਵਿੱਚ ਕਈ ਤਰ੍ਹਾਂ ਦੇ ਭਰਮ ਪੈਦਾ ਕਰਨ ਵਾਲੇ ਹਨ। ਪਹਿਲਾਂ ਪੁਰ-ਅਮਨ ਕਿਸਾਨੀ ਸੰਘਰਸ਼ ਅੱਗੇ ਝੁਕ ਕੇ ਸਰਕਾਰ ਨੂੰ ਆਪਣੇ ਬਣਾਏ ਹੋਏ ਤਿੰਨ ਬਿੱਲ ਆਪੇ ਵਾਪਸ ਲੈਣੇ ਪੈ ਗਏ ਸਨ, ਜਿਹੋ ਜਿਹੀ ਕੁੜੱਤਣ ਇਸ ਵਕਤ ਦੇਸ਼ ਦੇ ਨੌਜਵਾਨਾਂ ਵਿੱਚ ਭਰਦੀ ਜਾਂਦੀ ਹੈ, ਇਹ ਇਸ ਸਰਕਾਰ ਨੂੰ ਦੂਸਰੀ ਵਾਰੀ ਪਿੱਛੇ ਹਟਣ ਨੂੰ ਮਜਬੂਰ ਕਰ ਸਕਦੀ ਹੈ। ਲੋਕਤੰਤਰ ਵਿੱਚ ਸਰਕਾਰਾਂ ਨੂੰ ਕੋਈ ਵੀ ਫੈਸਲਾ ਕਰਦੇ ਸਮੇਂ ਦੇਸ਼ ਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਭਵਿੱਖ ਦੀ ਆਸ ਬਾਰੇ ਕਦਮ ਪੂਰੀ ਸੋਚ ਵਿਚਾਰ ਮਗਰੋਂ ਪੁੱਟਣਾ ਚਾਹੀਦਾ ਹੈਅਤੇ ਗਲਤ ਕਦਮ ਵੇਲੇ ਸਿਰ ਵਾਪਸਲੈਣਾ ਚਾਹੀਦਾ ਹੈ। ਜ਼ਿਦ ਕਰ ਕੇ ਪਿੱਛੋਂਕਦਮ ਪਿੱਛੇ ਖਿੱਚਣ ਨਾਲੋਂ ਗੱਲਬਾਤ ਰਾਹੀਂ ਕਾਂਟਾ ਬਦਲ ਲਿਆ ਜਾਵੇ ਤਾਂ ਜ਼ਿਆਦਾ ਚੰਗਾ ਹੁੰਦਾ ਹੈ।

## ਸੰਗਰੂਰ ਲੋਕ ਸਭਾ ਜਿਮਨੀ ਚੋਣ ਦਾ ਭਖਿਆ ਅਖਾੜਾ, ਸੀਟ ਦੋ ਮਾਨਾਂ ਲਈ ਬਣੀ ਵਕਾਰ ਦਾ ਸਵਾਲ



ਮੁਖ ਮੰਤਰੀ ਭਗਵੰਤ ਮਾਨ ਵਲੋਂ ਲੋਕ ਸਭਾ ਤੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਸੰਗਰੂਰ ਲੋਕ ਸਭਾ ਸੀਟ ਤੇ 23 ਜੂਨ ਨੂੰ ਹੋਣ ਵਾਲੀ ਜ਼ਮਿਨੀ ਚੋਣ ਲਈ ਸਿਆਸੀ ਅਖਾੜਾ ਪੂਰੀ ਤਰਾਂ ਭਖ ਚੁੱਕੈ। ਭਗਵੰਤ ਮਾਨ ਇਸ ਸੀਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਦੋ ਵਾਰ ਚੋਣ ਜਿੱਤ ਚੁੱਕੇ ਨੇ। ਪਹਿਲੀ ਵਾਰ 2014 ਵਿਚ ਉਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਨੂੰ 351827 ਵੋਟਾਂ ਦੇ ਫਰਕ ਨਾਲ ਹਰਾਇਆ ਅਤੇ ਦੂਜੀ ਵਾਰ 2019 ਦੀਆਂ ਆਮ ਚੋਣਾਂ ਵਿਚ ਕਾਂਗਰਸ ਦੇ ਉਮੀਦਵਾਰ ਕੇਵਲ ਢਿਲੋਂ ਨੂੰ 110211 ਵੋਟਾਂ ਦੇ ਅੰਤਰ ਨਾਲ ਹਰਾਇਆ ਸੀ। ਸ. ਮਾਨ 8 ਸਾਲਾਂ ਦੇ ਸਮੇਂ ਦੌਰਾਨ ਲੋਕ ਸਭਾ ਵਿਚ ਪੰਜਾਬ ਨਾਲ ਸਬੰਧਿਤ ਸਾਰੇ ਮੁੱਦੇ ਪੂਰੇ ਜੋਰ ਨਾਲ ਉਠਾਉਂਦੇ ਰਹੇ ਨੇ। ਬੇਸ਼ਕ ਇਸ ਚੋਣ ਦਾ 'ਆਪ' ਜਾਂ ਵਿਰੋਧੀ ਪਾਰਟੀਆਂ ਦੀ ਮੌਜੂਦਾ ਸਥਿਤੀ ਤੇ ਕੋਈ ਬਹੁਤਾ ਅਸਰ ਨਹੀਂ ਪੈਣ ਵਾਲਾ, ਪਰ ਫਿਰ ਵੀ ਜੋ ਪਾਰਟੀ ਚੰਗਾ ਪ੍ਰਦਰਸ਼ਨ ਕਰਦੀ ਹੈ, ਉਸ ਦੀ ਜਤਾ ਵਿਚ ਸ਼ਾਖ ਵਿਚ ਕੁੱਝ ਸੁਧਾਰ ਜਰੂਰ ਹੋ ਸਕਦੈ। ਆਮ ਆਦਮੀ ਪਾਰਟੀ ਵਲੋਂ 'ਆਪ' ਦੇ ਜਿਲਾ ਪ੍ਰਧਾਨ ਅਤੇ ਘਰਾਚੋਂ ਪਿੰਡ ਦੇ ਸਰਪੰਚ ਗੁਰਮੇਲ ਸਿੰਘ ਘਰਾਚੋਂ, ਕਾਂਗਰਸ ਵਲੋਂ ਸਾਬਕਾ ਵਧਾਇਕ ਦਲਬੀਰ ਸਿੰਘ ਗੋਲਡੀ, ਸ਼੍ਰੋਮਣੀ ਅਕਾਲੀ ਦਲ- ਬਸਪਾ ਵਲੋਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿਚ ਸਜਾ ਭੁਗਤ ਰਹੇ ਰਾਜੋਆਣਾ ਦੀ ਮੂੰਹਬੋਲੀ ਭੈਣ ਕਮਲਦੀਪ ਕੌਰ ਰਾਜੋਆਣਾ, ਸ਼੍ਰੋਮਣੀ ਅਕਾਲੀ ਦਲ (ਅਮ੍ਰਿਤਸਰ) ਦੇ ਪ੍ਰਧਾਨ ਅਤੇ 2 ਵਾਰ ਦੇ ਸੰਸਦ ਸਿਮਰਨਜੀਤ ਸਿੰਘ ਮਾਨ ਅਤੇ ਬੀਜੇਪੀ ਵਲੋਂ ਕਾਰੋਬਾਰੀ ਅਤੇ ਬਰਨਾਲਾ ਤੋਂ 2 ਵਾਰ ਦੇ ਸਾਬਕਾ ਵਧਾਇਕ ਕੇਵਲ ਸਿੰਘ ਢਿਲੋਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਸੰਗਰੂਰ ਲੋਕ ਸਭਾ ਹਲਕੇ ਵਿਚ 9 ਵਿਧਾਨ ਸਭਾ ਹਲਕੇ ਸੰਗਰੂਰ, ਦਿੜ੍ਹਬਾ, ਸੁਨਾਮ, ਲਹਿਰਾਗਾਗਾ, ਧੂਰੀ, ਬਰਨਾਲਾ, ਭਦੌੜ, ਮਹਿਲਕਲ੍ਹਾਂ ਅਤੇ ਮਲੇਰਕੋਟਲਾ ਸ਼ਾਮਿਲ ਨੇ। ਹਲਕੇ ਵਿੱਚ ਕਰੀਬ 15 ਲੱਖ 69 ਹਜ਼ਾਰ 240 ਵੋਟਰ ਹਨ। ਇਹਨਾਂ ਵਿੱਚ 8 ਲੱਖ 30 ਹਜ਼ਾਰ 56 ਮਰਦ ਅਤੇ 7 ਲੱਖ 39 ਹਜ਼ਾਰ 140 ਔਰਤਾਂ ਹਨ। ਵਿਧਾਨ ਸਭਾ ਚੋਣਾਂ ਵਿਚ ਸਾਰੇ 9 ਹਲਕਿਆਂ ਤੋਂ 'ਆਪ' ਦੇ ਉਮੀਦਵਾਰ ਭਾਰੀ ਬਹੁਮੱਤ ਨਾਲ ਜਿਤੇ ਸਨ ਜਿਨਾਂ ਵਿਚ ਕੁੱਲ ਮਿਲਾ ਕੇ 'ਆਪ' ਦੇ ਵਧਾਇਕਾਂ ਨੇ ਸਾਢੇ 3 ਲੱਖ ਦੀ ਬੜਤ ਦਰਜ ਕੀਤੀ ਸੀ। ਇਹ ਜ਼ਮਿਨੀ ਚੋਣ 'ਆਪ' ਲਈ ਵਕਾਰ ਦਾ ਸਵਾਲ ਬਣੀ ਹੋਈ ਹੈ। ਪਾਰਟੀ ਨੇ ਸਾਰੇ ਵਧਾਇਕਾਂ ਨੂੰ ਆਪਣੀ ਵਿਧਾਨ ਸਭਾ ਵਾਲੀ ਬੜਤ ਵਿਚ ਵਾਧਾ ਕਰਨ ਦਾ ਟੀਚਾ ਦਿੱਤਾ ਹੈ। ਸਾਰੀਆਂ ਪਾਰਟੀਆਂ ਦੇ ਵੱਡੇ ਲੀਡਰ ਆਪਣੇ ਉਮੀਦਵਾਰ ਦੇ ਹੱਕ ਵਿਚ ਪ੍ਰਚਾਰ ਲਈ ਪਿੰਡ- ਪਿੰਡ ਚੋਣ ਰੈਲੀਆਂ ਕਰ ਰਹ ਨੇ। ਮੁੱਖ ਮੰਤਰੀ ਭਗਵੰਤ ਮਾਨ, ਬਹੁਤੇ ਕੈਬਨਿਟ ਮੰਤਰੀ 'ਆਪ' ਉਮੀਦਵਾਰ ਦੇ ਹੱਕ ਵਿਚ ਰੋਡ ਸ਼ੋ/ ਚੋਣ ਮੀਟਿੰਗਾਂ ਕਰ ਰਹੇ ਨੇ। ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ-ਬੀਐਸਪੀ ਆਪਣੀ ਖੋਈ ਜਮੀਨ ਤਲਾਸ਼ਣ ਦੇ ਯਤਨ ਵਿਚ ਨੇ। ਕਾਂਗਰਸ ਪ੍ਰਧਾਨ ਰਾਜਾ ਵੜਿੰਗ, ਸਾਬਕਾ ਮੰਤਰੀ ਵਿਜੇ ਸਿੰਗਲਾ ਸੀਨੀਅਰ ਆਗੂਆਂ ਨਾਲ ਕਾਂਗਰਸ ਉਮੀਦਵਾਰ ਦਲਬੀਰ ਗੋਲਡੀ ਦੇ ਹੱਕ ਵਿਚ ਸਾਹੋ ਸਾਹੀ ਨੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਖੁਰਿਆ ਆਧਾਰ ਸੁਰਜੀਤ ਕਰਨ ਦੇ ਮਕਸਦ ਨਾਲ ਬੰਦੀ ਸਿੰਘਾਂ ਦੀ ਰਿਹਾਈ ਦਾ ਪੱਤਾ ਖੇਡਕੇ ਜੇਲ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਕਮਲਦੀਪ ਕੌਰ ਲਈ ਵੋਟਾਂ ਮੰਗ ਰਹੇ ਨੇ। ਪ੍ਰੰਤੂ ਪੋਸਟਰਾਂ ਉਪਰ ਬਾਦਲ ਪਰਵਾਰ ਦੇ ਕਿਸੇ ਵੀ ਮੈਂਬਰ ਦੀ ਫੋਟੋ ਦਿਖਾਈ ਨਹੀਂ ਦਿੰਦੀ, ਸਿਰਫ ਰਾਜੋਆਣਾ ਭਰਾ-ਭੈਣ ਦੀਆਂ ਤਸਵੀਰਾਂ ਹੀ ਦਿਸਦੀਆਂ ਨੇ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸੱਤਵੀਂ ਵਾਰ ਚੋਣ ਮੈਦਾਨ ਵਿਚ ਨੇ ਅਤੇ ਨੌਜਵਾਨਾਂ ਦੀ ਹਮਦਰਦੀ ਅਤੇ ਸਮੱਰਥਣ ਨਾਲ ਲੋਕ ਸਭਾ ਲਈ ਚੁਣੇ ਜਾਣ ਦੀ ਉਮੀਦ ਵਿਚ ਨੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸ. ਮਾਨ ਨੂੰ ਦੀਪ ਸਿੱਧੂ ਦੀ ਮੌਤ ਕਾਰਨ ਹਮਦਰਦੀ ਮਿਲੀ ਸੀ। ਉਸ ਨੂੰ ਆਸ ਹੈ ਕਿ ਉਸ ਦੇ ਸਿੱਧੂ ਮੂਸੇਵਾਲਾ ਦੇ ਫੈਨ ਵੀ ਉਸ ਦਾ ਸਮੱਰਥਨ ਕਰਨਗੇ। ਇਸੇ ਤਰਾਂ ਬੀਜੇਪੀ ਦੇ ਕੇਂਦਰੀ ਅਤੇ ਸੂਬਾ ਪੱਧਰੀ ਲੀਡਰ ਉਮੀਦਵਾਰ ਕੇਵਲ ਢਿੱਲੋਂ ਲਈ ਪ੍ਰਚਾਰ ਕਰਕੇ ਪਿੰਡਾਂ ਵਿਚ ਆਧਾਰ ਬਣਾਉਣ ਲਈ ਯਤਨਸ਼ੀਲ ਨੇ । ਢੀਂਡਸਾ ਪਰਿਵਾਰ ਦਾ ਵੀ ਹਲਕੇ ਵਿਚ ਚੰਗਾ ਪ੍ਰਭਾਵ ਹੈ, ਜੋ ਭਾਜਪਾ ਦੀ ਹਮਾਇਤ ਕਰ ਰਿਹਾ ਹੈ। ਵੋਟਰ ਜਿਥੇ ਭਗਵੰਤ ਮਾਨ ਦੀ ਸਰਕਾਰ ਵਲੋਂ ਹੁਣ ਤਕ ਕੀਤੇ ਅੱਛੇ ਫੈਸਲਿਆਂ ਤੋਂ ਖੁੱਸ਼ ਦਿਸਦੇ ਨੇ, ਪਰ ਉਹ ਚੋਣਾਂ ਦੌਰਾਨ ਕੀਤੇ ਜਨਤਕ ਸਹੂਲਤਾਂ ਦੇ ਵਾਅਦੇ ਪੂਰ ਹੋਣ ਵਿਚ ਹੋ ਰਹੀ ਦੇਰੀ ਤੋਂ ਨਿਰਾਸ਼ ਵੀ ਜਰੂਰ ਨੇ।

ਕੁੱਲ ਮਿਲਾ ਕੇ ਮੁੱਖ ਮੁਕਾ-ਬਲਾ 'ਆਪ' ਅਤੇ ਸਿਮਰਨਜੀਤ ਸਿੰਘ ਮਨ ਦੇ ਵਿਚਕਾਰ ਹੀ ਉਭਰ ਕੇ ਸਾਹਮਣੇ ਆ ਰਿਹੈ, ਦੋਵੇਂ ਮਾਨਾਂ ਦਾ ਵਕਾਰ ਪੂਰੀ ਤਰ੍ਹਾਂ ਦਾਅ ਤੇ ਹੈ। ਚੋਣਾਂ ਵਿਚ ਆਖਰੀ ਫੈਸਲਾ ਤਾਂ ਵੋਟਰਾਂ ਦੇ ਹੱਥ ਹੀ ਹੁੰਦੈ, ਜੋ ਉਹ 23 ਜੂਨ ਨੂੰ ਮਸ਼ੀਨਾਂ ਵਿਚ ਬੰਦ ਕਰ ਦੇਣਗੇ ਅਤੇ 26 ਜੂਨ ਨੂੰ ਪਤਾ ਚਲੇਗਾ ਖਕਿ ਉਂਠ ਕਿਸ ਕਰਵਟ ਬੈਠਦਾ ਹੈ।

'ਜੋ ਦਿਖਾ, ਸੋ ਲਿਖਾ'

*-ਦਰਸ਼ਨ ਸਿੰਘ ਸ਼ੰਕਰ*
*ਜਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)*
*ਫੋਨ: 9915836543*

## ਬੰਦੀ ਸਿੰਘਾਂ ਦੀ ਰਿਹਾਈ ਦੀ ਯਾਦ ਅਕਾਲੀਆਂ ਨੂੰ ਸੱਤਾ ਵੇਲੇ ਕਿਉਂ ਨਹੀਂ ਆਈ?

ਅੰਗਰੇਜ ਸਿੰਘ ਹੁੰਦਲ

ਸੰਗਰੂਰ ਦੀ ਲੋਕ ਸਭਾ ਜ਼ਿਮਨੀ ਵਾਸਤੇ ਸਾਰੀਆਂ ਪਾਰਟੀਆਂ ਨੇ ਆਪਣੇ ਉਮਦੀਵਾਰ ਐਲਾਨੇ ਹਨ ਅਤੇ ਢੰਗ ਨਾਲ ਉਥੋਂ ਦੀ ਜਨਤਾ ਨਾਲ ਵਾਅਦੇ ਕੀਤੇ ਜਾ ਹਨ ਕਿ ਅਸੀਂ ਜਿੱਤਣ ਤੋਂ ਬਾਅਦ ਲੋਕ ਸਭਾ ਹਲਕੇ 'ਚ ਕੀ-ਕੀ ਸਹੂਲਤਾਂ ਪ੍ਰਦਾਨ ਕਰ ਸਕਦੇ ਹਾਂ । ਮੈਂ ਕਿਸੇ ਵੀ ਪਾਰਟੀ ਨਾਲ ਸਬੰਧਿਤ ਨਹੀਂ ਹਾਂ । ਅਕਾਲੀ ਦਲ ਬਾਦਲ ਜੋ ਆਪਣੇ ਆਪ ਨੂੰ ਪੰਥ ਦਾ ਹਿੱਸਾ ਦੱਸਦੇ ਹਨ ਉਨ੍ਹਾਂ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੀਬੀ ਕਮਲਦੀਪ ਕੌਰ ਨੂੰ ਆਪਣਾ ਉਮੀਦਵਾਰ ਬਣਾਇਆ ਹੈ ਜੋ ਜੇਲ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਧਰਮੀ ਭੈਣ ਹੈ । ਚੋਣਾਂ 'ਚ ਮੁੱਖ ਮੁੱਦਾ ਬੰਦੀ ਸਿੰਘਾਂ ਦੀ ਰਿਹਾਈ ਦਾ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਰਿਹਾਈ ਕਰਵਾਉਣ ਵਾਸਤੇ ਯਤਨ ਕੀਤੇ ਜਾ ਸਕਣ । ਲੋਕ ਸਭਾ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੌਜੂਦਾ ਮੈਂਬਰ ਪਾਰਲੀਮੈਂਟ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਹਰਸਿਮਰਤ ਕੌਰ ਬਾਦਲ ਮੌਜੂਦਾ ਮੈਂਬਰ ਪਾਰਲੀਮੈਂਟ ਹਨ ਅਤੇ ਇਸ ਤੋਂ ਇਲਾਵਾ ਹੋਰ ਵੀ ਅਕਾਲੀ ਦਲ ਮੈਂਬਰ ਪਾਰਲੀਮੈਂਟ ਰਹੇ ਹਨ । ਉਨ੍ਹਾਂ ਨੇ ਕਿੰਨੀ ਵਾਰ ਬੰਦੀ ਸਿੰਘਾਂ ਦੀ ਰਿਹਾਈ ਮੁੱਦਾ ਉਠਾਇਆ । ਪੰਜਾਬ ਸੂਬੇ 'ਚ ਅਕਾਲੀ ਦਲ ਬਾਦਲ ਦੀ ਸਰਕਾਰ ਰਹੀ ਹੈ ਉਸ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਕਰਵਾਉਣ ਦੀ ਕਿੰਨੀ ਵਾਰ ਗੱਲ ਕੀਤੀ ਹੈ । ਜਦੋਂ ਕਿ ਪੰਜਾਬ ਵਿਚ ਸੱਤਾ ਦਾ ਸੁੱਖ ਭੋਗਦਿਆਂ ਅਕਾਲੀਆਂ ਨੂੰ ਯਾਦ ਕਿਉਂ ਨਹੀਂ ਆਇਆ ਕਿ ਕੇਂਦਰ ਵਿਚ ਭਾਈਵਾਲੀ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਵੀ ਸਿੰਘਾਂ ਦੀ ਰਿਹਾਈ ਵਾਲੀ ਅਵਾਜ਼ ਨਹੀਂ ਉਠਾਈ । ਵਿਧਾਨ ਸਭਾ ਚੋਣਾਂ 'ਚ ਪੰਜਾਬ ਦੀ ਜਨਤਾ ਨੂੰ ਅਕਾਲੀ ਦਲ ਬਾਰੇ ਸਮਝ ਆ ਗਈ ਹੈ ਕਿ ਇਹ ਕਿਹੜੇ ਪੰਥਕ ਹਨ ਇਸ ਲਈ ਲੋਕਾਂ ਨੇ ਨਕਾਰ ਦਿੱਤਾ ਹੈ । ਤੀਜੇ ਨੰਬਰ ਵਾਲੀ ਪਾਰਟੀ ਬਣ ਕੇ ਰਹਿ ਗਈ ਹੈ । ਅਕਾਲੀ ਦਲ ਨੇ ਹਮੇਸ਼ਾ ਹੀ ਸੱਤਾ ਹਾਸਲ ਕਰਨ ਲਈ ਪੰਥ ਦਾ ਇਸਤੇਮਾਲ ਕੀਤਾ ਹੈ ।

ਪੰਜਾਬੀ ਇਹ ਜਾਣਦੇ ਹਨ ਕਿ ਪੰਥਕ ਸਰਕਾਰ ਨੇ ਕਿਹੜੇ ਵੱਡੇ ਪੰਥਕ ਕੰਮ ਕੀਤੇ ਹਨ । ਸਿੱਖ ਧਰਮ ਵਿਚ ਗੁਰਗੱਦੀ ਤੇ ਬਿਰਾਜਮਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਵਾਉਣ ਦੇ ਇਲਾਜ਼ਮ ਲੱਗਣ ਵਾਲੇ ਸਾਧ ਨੂੰ ਸਿੱਖ ਰਹਿਤ ਮਰਿਯਾਦਾ ਦੇ ਉਲਟ ਜਾ ਕੇ ਆਪਣੀ ਕੁਰਸੀ ਦੇ ਜ਼ੋਰ ਨਾਲ ਸਿੱਖਾ ਦੇ ਸਰਵ ਉੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਆਪੇ ਲਗਾਏ ਜਥੇਦਾਰ ਤੋਂ ਮੁਆਫੀ ਦਿਵਾਈ। ਕੀ ਇਹ ਪੰਥਕ ਕਾਰਜ ਕੀਤਾ ਹੈ ਪੰਥਕ ਸਰਕਾਰ ਨੇ । ਏਸੇ ਸਰਕਾਰ ਦੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜੀ ਦੀ ਬੇਅਦਬੀ ਹੋਈ ਹੈ ਤੇ ਇਨਸਾਫ ਦੀ ਮੰਗ ਕਰਦੀਆਂ ਹੋਈਆਂ ਸਿੱਖ ਸੰਗਤਾਂ ਤੇ ਜ਼ੁਲਮ ਢਾਹਿਆ ਗਿਆ ਤੇ ਫਾਇਰਿੰਗ ਕੀਤੀ ਗਈ ਜਿਸ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ । ਪੰਥਕ ਸਰਕਾਰ ਦੇ ਸੱਤਾ ਵਿਚ ਹੁੰਦਿਆ ਏਹੋ ਜਿਹੀਆਂ ਮਾੜੀਆਂ ਘਟਾਨਾਵਾ ਹੋਈਆਂ ਇਨਸਾਫ ਅਜੇ ਤੱਕ ਨਹੀਂ ਮਿ-ਲਆ ਤੇ ਇਹ ਅਜੇ ਵੀ ਆਪਣੇ ਆਪ ਨੂੰ ਪੰਥਕ ਦੱਸਦੇ ਹਨ । ਸਿੱਖਾਂ ਦੇ ਕੱਟੜ ਵਿਰੋਧੀ ਸ਼ਿਵ ਸੈਨਾ ਵਾਲੇ ਜੋ ਨਿੱਤ ਸਿੱਖਾਂ ਵਿਰੁੱਧ ਪ੍ਰਚਾਰ ਕਰਦੇ ਹਨ ਤੇ ਇਸ ਅਕਾਲੀ ਦਲ ਨੇ ਵੋਟਾਂ ਲੈਣ ਖਾਤਰ ਉਨ੍ਹਾਂ ਨਾਲ ਹੱਥ ਮਿਲਾ ਲਿਆ । ਏਸੇ ਅਕਾਲੀ ਦਲ ਤੇ ਨਸ਼ਾ ਵਿਕਰੀ ਦੇ ਦੋਸ਼ ਲੱਗਦੇ ਹਨ ਅਤੇ ਮਾਫੀਆ ਪੈਦਾ ਕਰਨ ਵਰਗੇ ਵੀ । ਸਿੱਖਾ ਦੇ ਸਰਵ ਉੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਅਕਾਲੀ ਦਲ ਬਾਦਲ ਨੂੰ ਤਕੜਾ ਕਰਨ ਦੇ ਐਲਾਨ ਕੀਤੇ ਗਏ ਅਤੇ ਕਿਹਾ ਕਿ ਅਕਾਲੀ ਦਲ ਦਾ ਚੋਣਾਂ ਵਿਚ ਹਾਰ ਜਾਣਾ ਸਿੱਖਾ ਦਾ ਕਮਜ਼ੋਰ ਹੋਣਾ ਹੈ । ਜਥੇਦਾਰ ਸਾਹਿਬ ਨੂੰ ਇਹ ਸੋਚਣਾ ਚਾਹੀਦਾ ਹੈ ਅਕਾਲੀ ਦਲ ਜਦੋਂ ਸੱਤਾ ਵਿਚ ਸੀ ਉਸ ਸਮੇਂ ਦੌਰਾਨ ਕਿਹੜੇ ਪੰਥਕ ਕੰਮ ਹੋਏ ਹਨ ਇਸ ਬਾਰੇ ਵੀ ਸੰਗਤਾਂ ਨੂੰ ਚਾਨਣਾ ਪਾਉ । ਇਉਂ ਜਾਪਦਾ ਹੈ ਕਿ ਜਥੇਦਾਰ ਸਾਹਿਬ ਆਪ ਜਥੇਦਾਰ ਬਣੇ ਰਹਿਣ ਲਈ ਇਸ ਪਰਿਵਾਰ ਦੀ ਹਮਾਇਤ ਕਰ ਰਹੇ ਹਨ ਜੋ ਇਹ ਆਦੇਸ਼ ਦਿੰਦੇ ਹਨ ਉਸੇ ਤਰ੍ਹਾਂ ਨਾਲ ਐਲਾਨ ਕੀਤੇ ਜਾ ਰਹੇ ਹਨ ।ਏਹੋ ਜਿਹੇ ਬਿਆਨ ਦੇਣ ਲੱਗਿਆਂ ਜਥੇਦਾਰ ਸਾਹਿਬ ਨੂੰ ਸਿੰਘ ਸਾਹਿਬ ਦੀ ਪਦਵੀਂ ਦਾ ਖਾਸ ਖਿਆਲ ਰੱਖਣਾ ਚਾਹੀਦਾ ਹੈ।ਏਸੇ ਪਰਿਵਾਰ ਦੇ ਆਦੇਸ਼ ਅਨੁਸਾਰ ਪ੍ਰਧਾਨ, ਜਥੇਦਾਰ, ਗ੍ਰੰਥੀ ਸਿੰਘ ਆਦਿ ਹੋਰ ਅਹੁਦਿਆਂ ਤੇ ਲਗਾਏ ਜਾਂਦੇ ਹਨ । ਬੰਦੀ ਸਿੰਘਾਂ ਦੇ ਨਾਮ ਤੇ ਵੋਟਾਂ ਹਾਸਿਲ ਕਰਨ ਦੀ ਸਿਆਸਤ ਨਹੀਂ ਹੋਣੀ ਚਾਹੀਦੀ ਸਗੋਂ ਬੜੀ ਸੰਜ਼ੀਦਗੀ ਨਾਲ ਸਾਰਿਆਂ ਨੂੰ ਏਕਤਾ ਕਰਕੇ ਰਿਹਾਈ ਲਈ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਲੰਬਾਂ ਸਮਾਂ ਜੇਲਾਂ ਵਿਚ ਬਤੀਤ ਕਰਨ ਦੇ ਬਾਵਜੂਦ ਜੇਲਾ ਅੰਦਰ ਡੱਕੇ ਹੋਏ ਹਨ ਅਤੇ ਉਨ੍ਹਾਂ ਦੇ ਬਾਹਰ ਆਉਣ ਤੇ ਉਨ੍ਹਾਂ ਸਿੰਘਾਂ ਨੂੰ ਸਤਿਕਾਰ ਦੇਣਾ ਚਾਹੀਦਾ ਹੈ ।

ਪੰਜਾਬੀ ਵੋਟਰ ਸਾਰੇ ਸੂਝਵਾਨ ਹਨ ਉਹ ਆਪਣੀ ਪੂਰੀ ਹੋਸ਼ ਹਵਾ ਅਨੁਸਾਰ ਪਾਰਟੀ ਦੀ ਪਹਿਚਾਣ ਕਰਦੇ ਹੋਏ ਵੋਟ ਪਾਉਣਗੇ ।

## ਹਲਕਾ-ਫੁਲਕਾ

ਡਾਕਟਰ (ਆਪਣੇ ਦੋਸਤ ਨੂੰ), ''ਮੇਰੀ ਦਵਾ ਦਾ ਅਸਰ ਤਾਂ ਪੰਜ ਮਿੰਟ ਵਿੱਚ ਹੋ ਜਾਂਦਾ ਹੈ।''
ਦੋਸਤ, ''ਸ਼ਾਇਦ ਇਸੇ ਲਈ ਇੱਕ ਬੁੱਧੀਮਾਨ ਨੇ ਤੇਰੇ ਕਲਿਨਿਕ ਨੇੜੇ ਕਫਨ ਦੀ ਦੁਕਾਨ ਖੋਲ੍ਹ ਲਈ ਹੈ।''

********

ਗ੍ਰਾਹਕ (ਚਾਹ ਵਾਲੇ ਨੂੰ), ''ਇੱਕ ਕੱਪ ਚਾਹ ਲੈ ਆ।''
ਚਾਹ ਵਾਲਾ, ''ਪੈਸੇ ਤਾਂ ਦਿਓ।''
''ਹਰ ਰੋਜ਼ ਦਿੰਦਾ ਹਾਂ ਅੱਜ ਬਿਨਾਂ ਪੈਸੇ ਦੇ ਲੈ ਆ।''
ਚਾਹ ਵਾਲਾ ਖਾਲੀ ਕੱਪ ਲਿਆ ਕੇ ਰੱਖ ਦਿੰਦਾ ਹੈ। ਗ੍ਰਾਹਕ ਬੋਲਿਆ, ''ਓ, ਇਹ ਤਾਂ ਇਕਦਮ ਖਾਲੀ ਹੈ।''
ਚਾਹ ਵਾਲਾ, ''ਹਜ਼ੂਰ ਰੋਜ਼ ਭਰਿਆ ਪੀਂਦੇ ਹੋ, ਅੱਜ ਖਾਲੀ ਹੀ ਸਹੀ।''

********

ਮਾਲਕਣ (ਨਵੀਂ ਨੌਕਰਾਣੀ ਨੂੰ), ''ਦੇਖੋ, ਅਸੀਂ ਲੋਕ ਨਾਸ਼ਤਾ ਸਵੇਰੇ ਠੀਕ ਸਾਢੇ ਸੱਤ ਵਜੇ ਕਰ ਲੈਂਦੇ ਹਾਂ, ਸਮਝ ਗਈ ਨਾ?''
ਨੌਕਰਾਣੀ, ''ਜੀ ਹਾਂ! ਜੇ ਮੈਂ ਕਦੇ ਸਾਢੇ ਸੱਤ ਵਜੇ ਤੱਕ ਨਾ ਪਹੁੰਚ ਸਕਾਂ ਤਾਂ ਨਾਸ਼ਤੇ ਉੱਤੇ ਮੇਰਾ ਇੰਤਜ਼ਾਰ ਨਾ ਕਰਨਾ।''

*********

ਇੱਕ ਮਹਾਨ ਉਤੇ ਮਕਾਨ ਮਾਲਕ ਨੇ 'ਮਕਾਨ ਕਿਰਾਏ ਲਈ ਖ਼ਾਲੀ ਹੈ' ਦਾ ਬੋਰਡ ਲਇਆ ਸੀ ਤੇ ਨਾਲ ਇਹ ਵੀ ਲਿਖਿਆ ਸੀ ਕਿ ਇਹ ਮਕਾਨ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਦੇ ਬਾਲ-ਬੱਚੇ ਨਾ ਹੋਣ। ਇੱਕ ਦਿਨ ਇੱਕ ਬੱਚਾ ਮਕਾਨ ਮਾਲਕ ਦੇ ਕੋਲ ਆਇਆ ਤੇ ਬੋਲਿਆ, ''ਮਿਹਰਬਾਨੀ ਕਰਕੇ ਇਹ ਮਕਾਨ ਮੈਨੂੰ ਕਿਰਾਏ ਉੱਤੇ ਦੇ ਦਿਓ, ਮੇਰਾ ਕੋਈ ਬਾਲ-ਬੱਚਾ ਨਹੀਂ, ਸਿਰਫ਼ ਮਾਂ-ਪਿਓ ਹੀ ਹਨ।''

********

ਲੜਕੀ ਵਾਲੇ (ਪੱਪੂ ਨੂੰ), ''ਬੇਟਾ ਸ਼ਰਮਾਓ ਨਾ, ਜੇ ਤੁਸੀਂ ਕੁਝ ਪੁੱਛਣਾ ਹੈ ਤਾਂ ਪੁੱਛ ਸਕਦੇ ਹੋ।''
ਪੱਪੂ, ''ਜੀ, ਇਹੀ ਕਿ ਜੇ ਤੁਸੀਂ ਸਮੋਸਾ ਨਹੀਂ ਖਾਣਾ ਤਾਂ ਮੈਂ ਖਾ ਲਵਾਂ।''

# ਸੰਗਰੂਰ ਦੀ ਚੋਣ ਦੋ ਮਾਨਾਂ ਵਿਚਾਲੇ ਵੱਕਾਰ ਦਾ ਸਵਾਲ ਬਣੀ

ਸੰਗਰੂਰ, 19 ਜੂਨ (ਪੋਸਟ ਬਿਊਰੋ)- ਲੋਕ ਸਭਾ ਹਲਕਾ ਸੰਗਰੂਰ ਦੀ ਹੋ ਉਪ ਚੋਣ ਵਿਚਭਾਵੇਂ 16 ਉਮੀਦਵਾਰ ਹਨ, ਪਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸਿਮਰਨਜੀਤ ਸਿੰਘ ਮਾਨ, ਬਾਦਲ ਅਕਾਲੀ ਦਲ ਦੀ ਉਮੀਦਵਾਰ ਬੀਬੀ ਕਮਲਦੀਪ ਕੌਰ, ਆਮ ਆਦਮੀ ਪਾਰਟੀ ਦੇ ਗੁਰਮੇਲ ਸਿੰਘ ਘਰਾਚੋਂ, ਕਾਂਗਰਸ ਦੇ ਦਲਬੀਰ ਸਿੰਘ ਗੋਲਡੀ ਅਤੇ ਭਰਤੀ ਜਨਤਾ ਪਾਰਟੀ ਦੇ ਕੇਵਲ ਸਿੰਘ ਢਿੱਲੋਂ ਹੀ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਹਨ।

ਚਾਰ ਮਹੀਨੇ ਪਹਿਲਾਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਨੂੰ ਅਣਕਿਆਸੀ ਜਿੱਤ ਮਿਲੀ ਤੇ ਉਸ ਨੇ 92 ਸੀਟਾਂ ਉੱਤੇ ਕਬਜ਼ਾ ਕਰ ਲਿਆ ਸੀ। ਇਸ ਵਾਰ ਪਾਰਟੀ ਦੇ ਸਾਰੇ ਆਗੂ ਦਾਅਵਾ ਕਰਦੇ ਹਨ ਕਿ ਲੋਕ ਸਭਾ ਚੋਣ ਵਿੱਚ ਪਾਰਟੀ ਦੇ ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਜੇਤੂ ਰਹਿਣਗੇ, ਪਰ ਇਸ ਦਾਅਵੇ ਵਿੱਚੋਂ ਫਰਵਰੀ ਵਾਲੀ ਗੜ੍ਹਕ ਗਾਇਬ ਹੈ। ਇਸ ਵਰਤਾਰੇ ਤੋਂ ਆਮ ਆਦਮੀ ਪਾਰਟੀ ਦੇ ਆਗੂ ਅਣਜਾਣ ਨਹੀਂ, ਇਸੇ ਲਈ ਇਸ ਲੋਕ ਸਭਾ ਹਲਕੇ ਦੇ ਨੌਂ ਵਿਧਾਨ ਸਭਾ ਹਲਕਿਆਂ ਵਿੱਚ ਇੱਕ-ਇੱਕ ਕੈਬਨਿਟ ਮੰਤਰੀ ਅਤੇ 9-9, 10-10 ਵਿਧਾਇਕ ਬਿਠਾ ਕੇ ਚੋਣ ਮੁਹਿੰਮ ਲਈ ਕਿਲ੍ਹਾਬੰਦੀ ਕੀਤੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਚੋਣ ਮੁਹਿੰਮ ਦੀ ਕਮਾਨ ਸੰਭਾਲੀ ਹੈ ਅਤੇ ਰੋਡ ਸ਼ੋਅ, ਲੋਕ ਮੀਟਿੰਗਾਂ ਅਤੇ ਨੁੱਕੜ ਸਭਾਵਾਂ ਰਾਹੀਂ ਲੋਕਾਂ ਤਕ ਪਹੁੰਚ ਕੀਤੀ ਜਾ ਰਹੀ ਹੈ।



ਦੂਸਰੇ ਪਾਸੇ ਸਿਮਰਨਜੀਤ ਸਿੰਘ ਮਾਨ ਦੀ ਸਥਿਤੀ ਵਿੱਚ ਆਏ ਦਿਨ ਤੇਜ਼ੀ ਨਾਲ ਹੋ ਰਹੇ ਸੁਧਾਰ ਸਦਕਾ ਦੋ ਦਿਨ ਪਹਿਲਾਂ ਉਹ ਆਮ ਆਦਮੀ ਪਾਰਟੀ ਨਾਲ ਮੁਕਾਬਲੇ ਦੇ ਪੱਧਰ ਤਕ ਆ ਗਏ ਸਨ। ਪਿੰਡਾਂ ਵਿੱਚ ਮਾਨ ਨੂੰ ਨੌਜਵਾਨ ਵਰਗ ਵੱਲੋਂ ਮਿਲ ਰਹੇ ਹੁੰਗਾਰੇ ਤੋਂ ਸਿਆਸੀ ਹਲਕੇ ਹੈਰਾਨ ਅਤੇ ਵਿਰੋਧੀ ਧਿਰਾਂ ਪ੍ਰੇਸ਼ਾਨ ਹਨ।

# ਸੰਗਰੂਰ ਲੋਕ ਸਭਾ ਉਪ ਚੋਣ: ਪੰਥਕ ਸੰਗਠਨਾਂ ਦੇ ਬਾਅਦ ਬੰਦੀ ਸਿੰਘਾਂ ਦੀ ਫੁੱਟ ਵੀ ਨਿਕਲ ਆਈ

ਲੁਧਿਆਣਾ, 19 ਜੂਨ (ਪੋਸਟ ਬਿਊਰੋ)- ਸੰਗਰੂਰ ਲੋਕ ਸਭਾ ਸੀਟ ਦੀ ਉਪ ਚੋਣ ਦੌਰਾਨ ਪੰਥਕ ਸੰਗਠਨਾਂ ਦੇ ਬਾਅਦ ਬੰਦੀ ਸਿੰਘਾਂ ਦੀ ਫੁੱਟ ਵੀ ਲੋਕਾਂ ਦੇ ਸਾਹਮਣੇ ਆ ਗਈ ਹੈ।

ਵਰਨਣ ਯੋਗ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਜਦ ਸਾਰੇ ਪੰਥਕ ਸੰਗਠਨ ਇੱਕ ਪਲੇਟਫਾਰਮ ਉੱਤੇ ਇਕੱਠੇ ਹੋਏ ਤਾਂ ਕੁਝ ਦਿਨਾਂ ਪਿੱਛੋਂ ਸੰਗਰੂਰ ਲੋਕ ਸਭਾ ਸੀਟਦੀ ਉਪ ਚੋਣ ਦਾ ਐਲਾਨ ਹੋ ਗਿਆ ਸੀ। ਇਸ ਬਾਰੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪੰਥਕ ਸੰਗਠਨਾਂ ਦਾ ਸਾਂਝਾ ਉਮੀਦਵਾਰ ਖੜਾਂ ਕਰਨ ਦੀ ਵਕਾਲਤ ਕੀਤੀ, ਪਰ ਇਸ ਮੁੱਦੇ ਉੱਤੇਬਣਾਈ ਕਮੇਟੀ ਦਾ ਫੈਸਲਾ ਆਉਣ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਨੇ ਖੁਦ ਨੂੰ ਉਮੀਦਵਾਰ ਐਲਾਨ ਕਰ ਦਿੱਤਾ। ਇਸ ਦੇ ਬਾਅਦ ਬਾਦਲ ਅਕਾਲੀ ਦਲ ਨੇ ਵੀ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਨੂੰ ਉਮੀਦਵਾਰ ਬਣਾ ਲਿਆ ਗਿਆ। ਬਲਵੰਤ ਸਿੰਘ ਰਾਜੋਆਣਾ ਅਤੇ ਸੁਖਬੀਰ ਸਿੰਘ ਬਾਦਲ ਦੋਵਾਂ ਨੇ ਸਿਮਰਨਜੀਤ ਸਿੰਘ ਮਾਨ ਨੂੰ ਨਾਮਜ਼ਦਗੀ ਵਾਪਸ ਲੈਣ ਲਈ ਕਿਹਾ, ਪਰ ਮਾਨ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਦੇ ਬਾਅਦ ਸੁਖਬੀਰ ਸਿੰਘ ਬਾਦਲ ਤੇ ਸਿਮਰਨਜੀਤ ਸਿੰਘ ਮਾਨ ਖੁੱਲ੍ਹ ਕੇ ਇੱਕ ਦੂਸਰੇ ਖਿਲਾਫ ਬਿਆਨਬਾਜ਼ੀ ਕਰ ਰਹੇ ਹਨ। ਜਿੱਥੋਂ ਤਕ ਬੰਦੀ ਸਿੰਘਾਂ ਦੀ ਰਿਹਾਈ ਦਾ ਸਵਾਲ ਹੈ, ਉਨ੍ਹਾਂ ਵਿੱਚੋਂ ਜਗਤਾਰ ਸਿੰਘ ਹਵਾਰਾ ਨੇ ਜੇਲ੍ਹ ਤੋਂ ਚਿੱਠੀ ਲਿਖ ਕੇ ਸਿਮਰਨਜੀਤ ਸਿੰਘ ਮਾਨ ਦੇ ਸਮਰਥਨ ਕਰ ਦਿੱਤਾ ਤਾਂ ਬੰਦੀ ਸਿੰਘਾਂ ਦੀ ਫੁੱਟ ਵੀ ਬਾਹਰ ਆ ਗਈ ਹੈ।



ਦੂਜੇ ਪਾਸੇ ਸੰਗਰੂਰ ਲੋਕ ਸਭਾ ਸੀਟ ਉਪ ਚੋਣ ਦੇ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਖੁਦ ਪ੍ਰਚਾਰ ਦੀ ਕਮਾਨ ਸੰਭਾਲੀ ਹੋਈ ਹੈ, ਜੋ ਮੁੱਖ ਰੂਪ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਉੱਤੇ ਵੋਟ ਮੰਗਦੇ ਹਨ। ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਨਿਯਮਾਂ ਦੇ ਮੁਤਾਬਕ ਹੋਣੀ ਹੈ।ਬਲਵੰਤ ਸਿੰਘ ਰਾਜੋਆਣਾ ਦੀ ਭੈਣ ਨੂੰ ਪਾਰਲੀਮੈਂਟ ਮੈਂਬਰ ਬਣਾਉਣ ਨਾਲ ਉਸ ਦੀ ਰਿਹਾਈ ਹੋ ਸਕਦੀ ਹੈ ਤਾਂ ਸੁਖਬੀਰ ਸਿੰਘ ਤੇ ਹਰਸਿਮਰਤ ਕੌਰ ਬਾਦਲ ਤਾਂ ਇਸ ਸਮੇਂ ਵੀਪਾਰਲੀਮੈਂਟ ਮੈਂਬਰ ਹਨ, ਉਹ ਬੰਦੀ ਸਿੰਘਾਂ ਦੀ ਰਿਹਾਈ ਕਿਉਂ ਨਹੀਂ ਕਰਵਾ ਦਿੰਦੇ?

# ਨਸਲੀ ਫਸਲਾਂ ਦਾ ਜ਼ਿੰਮਾ ਭਾਰਤ ਸਰਕਾਰ ਨੇ ਪੰਜਾਬ ਨੂੰ ਸੌਂਪਿਆ

ਚੰਡੀਗੜ੍ਹ, 19 ਜੂਨ (ਪੋਸਟ ਬਿਊਰੋ)- ਭਾਰਤ ਵਿੱਚ ਸਮੇਂ ਦੀ ਮੰਗ ਅਨੁਸਾਰ ਫਸਲਾਂ ਨੂੰ ਬਦਲਣ ਦੀ ਯੋਜਨਾ ਉੱਤੇ ਕੰਮ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੋ ਦਿਨ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿੱਚ ਵੱਖ-ਵੱਖੇ ਰਾਜਾਂ ਦੇ ਚੀਫ ਸੈਕਟਰੀਆਂ ਦੀ ਬੈਠਕ ਮੌਕੇ ਇਸ ਉੱਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਇਸ ਵਿੱਚ ਦੇਸ਼ ਲਈ ਫਸਲੀ ਵੰਨ-ਸੁਵੰਨਤਾ ਬਾਰੇ ਯੋਜਨਾ ਬਣਾਉਣ ਦੀ ਜ਼ਿੰਮੇਵਾਰੀ ਪੰਜਾਬ ਨੂੰ ਦਿੱਤੀ ਗਈ ਹੈ, ਜਦ ਕਿ ਗੈਰ ਹਰੀ ਕ੍ਰਾਂਤੀ ਵਾਲੇ ਰਾਜਾਂ ਨੂੰ ਤਿਲਾਂ ਅਤੇ ਦਾਲਾਂ ਦੀਆਂ ਫਸਲਾਂ ਅਧੀਨ ਰਕਬਾ ਵਧਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਪੰਜਾਬ ਫਸਲੀ ਵੰਨ-ਸੁਵੰਨਤਾ ਦੀ ਯੋਜਨਾ ਤਿਆਰ ਕਰ ਕੇ ਕੇਂਦਰੀ ਖੇਤੀ ਮੰਤਰਾਲੇ ਨੂੰ ਸੌਂਪੇਗਾ ਅਤੇ ਇਸ ਤੋਂ ਬਾਅਦ ਇਸ ਯੋਜਨਾ ਨੂੰ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਲਾਗੂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਦੀ ਚੀਫ ਸੈਕਟਰੀਆਂ ਨਾਲ ਮੀਟਿੰਗ ਵਿੱਚ ਇਸ ਤੱਥ ਉੱਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਕਿ ਦੇਸ਼ ਦਾ ਅੰਨ ਭੰਡਾਰ ਮੰਨੇ ਜਾਂਦੇ ਪੰਜਾਬ ਵਿੱਚ ਸਿਰਫ 16 ਫੀਸਦੀ ਬਲਾਕ ਅਜਿਹੇ ਬਾਕੀ ਹਨ, ਜਿੱਥੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਠੀਕ ਹੈ ਅਤੇਹੋਰ 'ਡਾਰਕ ਜ਼ੋਨ' ਸ਼੍ਰੇਣੀ ਵਿੱਚ ਹਨ। ਜੇ ਇਸ ਤੱਥ ਉੱਤੇ ਚਿੰਤਾ ਕਰਦਿਆਂ ਇਸ ਨੂੰ ਠੀਕ ਕਰਨ ਬਾਰੇ ਨਾ ਸੋਚਿਆ ਤਾਂ ਅਗਲੇ ਸਮੇਂ ਵਿੱਚ ਦੇਸ਼ ਦੇ ਸਾਹਮਣੇ ਅੰਨ ਦੀ ਕਮੀ ਦੀ ਸਮੱਸਿਆ ਖੜ੍ਹੀ ਹੋ ਸਕਦੀ ਹੈ। ਇਸ ਬਾਰੇ ਵੀ ਚਰਚਾ ਹੋਈ ਕਿ ਅੱਜ ਦੇਸ਼ ਦੇ ਹੋਰ ਰਾਜਾਂ ਵਿੱਚ ਕਣਕ ਤੇ ਝੋਨੇ ਦੀ ਪੈਦਾਵਾਰ ਵਧਣ ਨਾਲ ਅਸੀਂ ਅਨਾਜ ਨੂੰ ਬਰਾਮਦ ਕਰਨ ਦੀ ਹਾਲਤ ਵਿੱਚ ਪੁੱਜ ਗਏ ਹਾਂ, ਇਸ ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਫੂਡ ਪ੍ਰੋਸੈਸਿੰਗ ਵੱਲ ਵੱਧ ਧਿਆਨ ਦੇਣਾ ਪਵੇਗਾ।ਗੈਰ ਹਰੀ ਕ੍ਰਾਂਤੀ ਵਾਲੇ ਰਾਜਾਂ ਵਿੱਚ ਦਾਲਾਂ ਅਤੇ ਤਿਲਾਂ ਵਾਲੀਆਂ ਫਸਲਾਂ ਵਧਾ ਕੇ ਇੰਪੋਰਟ ਘੱਟ ਕਰਨਾ ਪਵੇਗਾ। ਪੰਜਾਬ ਨੂੰ ਇਸ ਉੱਤੇ ਕੰਮ ਨੂੰ ਕਿਹਾ ਗਿਆ ਹੈ। ਫਸਲੀ ਵੰਨ-ਸੁਵੰਨਤਾ ਉੱਤੇ ਯੋਜਨਾ ਬਣਾਉਣ ਤੋਂ ਪਹਿਲਾਂ ਵੱਖ-ਵੱਖ ਖੇਤੀ ਯੂਨੀਵਰਸਿਟੀਆਂ ਤੇ ਖੇਤੀ ਦੇ ਸਹਾਇਕ ਧੰਦਿਆਂ ਵਾਲੀਆਂ ਸੰਸਥਾਵਾਂ ਨਾਲ ਮਿਲ ਕੇ ਕੰਮ ਕਰੇਗਾ।

# ਟੈਂਡਰਾਂ ਦੀ ਗਿਣਤੀ ਘੱਟ ਹੋਣ ਕਾਰਨ ਪੰਜਾਬ ਸਰਕਾਰ ਨੇ ਐਕਸਾਈਜ਼ ਨੀਤੀ ਵਿੱਚ ਵੱਡੇ ਫੇਰਬਦਲ ਕੀਤੇ

ਲੁਧਿਆਣਾ, 19 ਜੂਨ (ਪੋਸਟ ਬਿਊਰੋ)- ਪੰਜਾਬ ਸਰਕਾਰ ਨੂੰ ਸਾਲ 2022-23 ਲਈ ਨਵੀਂ ਐਕਸਾਈਜ਼ ਨੀਤੀ ਦੇ ਈ-ਟੈਂਡਰ ਪ੍ਰਕਿਰਿਆ ਵਿੱਚਚੋਖੀ ਮੁਸ਼ਕਲ ਝੱਲਣੀ ਪਈ ਤਾਂ ਇਸ ਪਿੱਛੋਂ ਨੀਤੀ ਵਿੱਚ ਸੋਧ ਦਾ ਫੈਸਲਾ ਲਿਆ ਹੈ।

ਵਰਨਣ ਯੋਗ ਹੈ ਕਿ 16 ਜੂਨ ਤਕ ਪਟਿਆਲਾ ਜ਼ੋਨ ਦੇ ਮਸਾਂ ਵੀਹ ਫੀਸਦੀ ਟੈਂਡਰ ਹੀ ਆਏ ਤਾਂ ਇਸ ਨੂੰ ਦੇਖ ਕੇ ਪਹਿਲਾਂ ਸਰਕਾਰ ਨੇ ਟੈਂਡਰ ਪਾਉਣ ਦੀ ਅੰਤਿਮ ਮਿਤੀ 16 ਤੋਂ 21 ਜੂਨ ਤਕ ਕੀਤੀ ਅਤੇ ਕਈ ਸੋਧਾਂ ਕੀਤੀਆਂ। ਵਿਭਾਗੀ ਸੂਤਰਾਂ ਦੇ ਮੁਤਾਬਕ ਸਕਿਓਰਿਟੀ ਫੀਸ ਨੂੰ ਲਾਇਸੈਂਸ ਫੀਸ ਵਿੱਚ ਐਡਜਸਟ ਕਰਨ ਦਾ ਅਹਿਮ ਫੈਸਲਾ ਵੀਹੋਇਆ ਹੈ। ਲਾਇਸੈਂਸ ਫੀਸ ਦਾ ਭੁਗਤਾਨ ਕਰਨ ਦੀ ਮਿਤੀ 10 ਜੂਨ ਤੋਂ ਵਧਾ ਕੇ ਤੀਹ ਜੁਲਾਈ ਕੀਤੀ ਹੈ। ਸ਼ਰਾਬ ਦੇ ਠੇਕੇਦਾਰਾਂ ਵੱਲੋਂ ਨੀਤੀ ਬਾਰੇ ਭਾਰੀ ਨਾਰਾਜ਼ਗੀ ਕਾਰਨ ਸੋਧਾਂ ਦੀ ਲੋੜ ਪੈ ਗਈ ਹੈ। ਪੰਜਾਬ ਸਰਕਾਰ ਨੂੰ ਸ਼ਰਾਬ ਦੀ ਵਿਕਰੀ ਲਈ ਪੰਜ ਮੁੱਖ ਰੈਵੇਨਿਊ ਦੇਣ ਵਾਲੇ ਜ਼ਿਲ੍ਹਿਆਂ ਦੇ ਤੀਹ ਫੀਸਦੀ ਖੇਤਰਾਂ ਲਈ ਵੀ ਟੈਂਡਰ ਨਹੀਂ ਮਿਲ ਸਕੇ। ਰਾਜ ਦੇ ਛੋਟੇ ਸ਼ਰਾਬ ਠੇਕੇਦਾਰ ਲਗਭਗ ਇੱਕ ਹਫਤੇ ਤੋਂ ਅਣਮਿੱਥੇ ਸਮੇਂ ਲਈ ਧਰਨੇ ਉੱਤੇ ਬੈਠੇ ਹਨ। ਉਨ੍ਹਾਂ ਐਲਾਨ ਕੀਤਾ ਹੈ ਕਿ ਜਦ ਤਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾਹੋਈਆਂ, ਈ ਟੈਂਡਰ ਪ੍ਰਕਿਰਿਆ ਵਿੱਚ ਭਾਗ ਨਹੀਂ ਲੈਣਗੇ। ਠੇਕੇਦਾਰ ਇਹ ਵੀ ਮੰਗ ਕਰਦੇ ਹਨ ਕਿ ਗਰੁੱਪ ਦਾ ਸਾਈਜ਼ ਪਹਿਲਾਂ ਵਾਂਗ ਕੀਤਾ ਜਾਵੇ ਅਤੇ ਤੀਹ-ਚਾਲੀ ਕਰੋੜ ਰੁਪਏ ਘਟਾ ਕੇ 58 ਕਰੋੜ ਰੁਪਏ ਕੀਤਾ ਜਾਵੇ। ਉਨ੍ਹਾਂ ਨੇ ਮੀਡੀਆ ਰਾਹੀਂ ਸਰਕਾਰ ਤੋਂ 900 ਕਰੋੜ ਸਕਿਓਰਿਟੀ ਫੀਸ ਵਾਧੂ ਇਕੱਠੀ ਕਰਨ ਦਾ ਪ੍ਰਸ਼ਨ ਪੁੱਛਿਆ ਅਤੇ ਸਰਕਾਰ ਤੋਂ 900 ਕਰੋੜ ਦਾ ਬਿਊਰਾ ਦੇਣ ਦੀ ਮੰਗ ਕੀਤੀ ਸੀ, ਜਿਸ ਦੇ ਅਗਲੇ ਦਿਨ ਹੀ ਸਰਕਾਰ ਨੇ ਸਕਿਓਰਿਟੀ ਫੀਸ ਐਡਜਸਟ ਕਰਨ ਦਾ ਫੈਸਲਾ ਲੈ ਲਿਆ।




# ਹਾਈ ਕੋਰਟ ਦਾ ਹੁਕਮ: ਸੂਬਾ ਸਰਕਾਰ 16 ਸਾਲਾ ਕੁੜੀ ਨੂੰ ਪਤੀ ਨਾਲ ਰਹਿਣ ਲਈ ਸੁਰੱਖਿਆ ਦੇਵੇ

ਚੰਡੀਗੜ੍ਹ, 19 ਜੂਨ (ਪੋਸਟ ਬਿਊਰੋ)- ਆਪਣੇ ਮਾਪਿਆਂ ਦੀ ਮਰਜ਼ੀ ਦੇ ਬਿਨਾਂ ਵਿਆਹ ਕਰਨ ਵਾਲੇ ਜੋੜੇ ਦੀ ਸੁਰੱਖਿਆ ਬਾਰੇ ਪਟੀਸ਼ਨ ਨੂੰ ਮਨਜ਼ੂਰ ਕਰ ਕੇ ਪੰਜਾਬ ਹਰਿਆਣਾ ਹਾਈ ਕੋਰਟ ਨੇ 16 ਸਾਲ ਦੀ ਲੜਕੀ ਨੂੰ ਪਤੀ ਨਾਲ ਰਹਿਣ ਲਈ ਸੁਰੱਖਿਆ ਦੇਣ ਵਾਸਤੇ ਪਠਾਨਕੋਟ ਦੇ ਐਸ ਐਸ ਪੀ ਨੂੰ ਹੁਕਮ ਦਿੱਤਾ ਹੈ।

ਇਸ ਪਟੀਸ਼ਨ ਵਿੱਚ ਨਵ ਵਿਆਹੇ ਜੋੜੇ ਨੇ ਦੱਸਿਆ ਕਿ ਉਨ੍ਹਾਂ ਨੇ ਪਰਵਾਰ ਦੀ ਮਰਜ਼ੀ ਦੇ ਬਗੈਰ ਵਿਆਹ ਕੀਤਾ ਅਤੇ ਮੁਸਲਮ ਧਰਮ ਦੀਆਂ ਰਸਮਾਂ ਪੂਰੀਆਂ ਕੀਤੀਆ ਹਨ। ਲੜਕੇ ਦੀ ਉਮਰ 22 ਸਾਲ ਹੈ ਅਤੇ ਲੜਕੀ ਦੀ ਉਮਰ 16 ਸਾਲ ਹੈ। ਪਟੀਸ਼ਨਰ ਨੇ ਕਿਹਾ ਕਿ ਮੁਸਲਮ ਧਰਮ ਵਿੱਚ ਸੈਕਸ ਮੈਚਿਉਰਟੀ ਹੋਣ ਦੇ ਬਾਅਦ ਲੜਕਾ ਅਤੇ ਲੜਕੀ ਦੋਵਾਂ ਦਾ ਵਿਆਹ ਜਾਇਜ਼ ਮੰਨਿਆ ਜਾਂਦਾ ਹੈ। ਇਸ ਲਈ ਦੋਵਾਂ ਦਾ ਵਿਆਹ ਜਾਇਜ਼ ਹੈ ਅਤੇ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਜਾਏ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਠਾਨਕੋਟ ਦੇ ਐਸ ਐਸ ਪੀ ਨੂੰ ਸੁਰੱਖਿਆ ਦੀ ਮੰਗ ਕੀਤੀ ਸੀ, ਪਰ ਮਿਲੀ ਨਹੀਂ। ਹਾਈ ਕੋਰਟ ਨੇ ਕਿਹਾ ਕਿ ਮੁਸਲਮਾਨਾਂ ਦਾ ਵਿਆਹ ਮੁਸਲਿਮ ਪਰਸਨਲ ਲਾਅ ਅਧੀਨ ਹੁੰਦਾ ਹੈ। ਇਸ ਦੇ ਤਹਿਤ ਕੋਈ ਵੀ ਵਿਅਕਤੀ ਸੈਕਸ ਮੈਚਿਉਰਟੀ ਪ੍ਰਾਪਤ ਕਰ ਲੈਣ ਪਿੱਛੋਂ ਵਿਆਹ ਦੇ ਲਈ ਯੋਗ ਮੰਨਿਆ ਜਾਂਦਾ ਹੈ।







Steinmetz & Associates

PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

BOBBY SIDHU
partner
(Serving the Community for Over 16 yrs.)

ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


# ਘਰ ਦੀ ਛੱਤ ਡਿੱਗਣ ਕਾਰਨ ਬੱਚੀ ਸਣੇ ਦੋ ਦੀ ਮੌਤ

ਲੁਧਿਆਣਾ, 19 ਜੂਨ (ਪੋਸਟ ਬਿਊਰੋ)- ਥਾਣਾ ਸਲੇਮ ਟਾਬਰੀ ਹੇਠਲੇ ਪਿੰਡ ਬੋਰਾ ਵਿੱਚ ਮੀਂਹ ਨਾਲ ਇੱਕ ਘਰ ਦੀ ਛੱਤ ਡਿੱਗਣ ਉਤੇ ਦੋ ਜਣਿਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਦੋ ਸਾਲਾਂ ਦੀ ਬੱਚੀ ਵੀ ਹੈ। ਛੱਤ ਡਿੱਗਣ ਨਾਲ ਪਰਵਾਰ ਦੇ ਤਿੰਨ ਮੈਂਬਰ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ ਹੈ।

ਆਂਢ-ਗੁਆਂਢ ਦੇ ਮੁਤਾਬਕ ਇਹ ਪਰਵਾਰ ਲੰਬੇ ਸਮੇਂ ਤੋਂ ਵਿਹੜੇ ਵਿੱਚ ਬਣੇ ਇੱਕ ਕਮਰੇ ਵਿੱਚ ਰਹਿ ਰਿਹਾ ਸੀ। ਮੀਂਹ ਕਾਰਨ ਕੱਲ੍ਹ ਤੜਕੇ ਗਾਰਡਰ ਬਾਲਿਆਂ ਦੀ ਛੱਤ ਡਿੱਗ ਪਈ। ਘਰ ਵਿੱਚ ਪਰਵਾਰ ਦੇ ਛੇ ਮੈਂਬਰ ਸਨ, ਜਿਨ੍ਹਾਂ ਨੂੰ ਲੋਕਾਂ ਨੇ ਮਲਬੇ ਵਿੱਚੋਂ ਕੱਢਿਆ ਅਤੇ ਸਿਵਲ ਹਸਪਤਾਲ ਦਾਖਲ ਕਰਾਇਆ। ਇਨ੍ਹਾਂ ਵਿੱਚੋਂ ਦੋ ਜਣੇ ਮੌਕੇ ਉੱਤੇ ਦਮ ਤੋੜ ਚੁੱਕੇ ਸਨ। ਮ੍ਰਿਤਕਾਂ ਵਿੱਚ ਦੋ ਸਾਲ ਦੀ ਮਾਸੂਮ ਬੱਚੀ ਰੂਹੀ ਅਤੇ 22 ਸਾਲਾ ਨਲਕੂ ਨਾਂਅ ਦਾ ਨੌਜਵਾਨ ਸ਼ਾਮਲ ਹੈ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਜ਼ਖਮੀਆਂ ਦੀ ਪਛਾਣ ਵਿਜੇ ਕੁਮਾਰ (35), ਉਸ ਦੀ ਪਤਨੀ ਮਧੂ (32) ਅਤੇ ਚਾਰ ਸਾਲਾ ਬੇਟੀ ਰੋਸ਼ਨੀ ਵਜੋਂ ਹੋਈ ਹੈ। ਘਟਨਾ ਵਿੱਚ ਵਿਜੇ ਦੇ ਛੋਟੇ ਭਰਾ ਨਨਕੂ ਅਤੇ ਦੋ ਸਾਲਾ ਬੇਟੀ ਰੂਹੀ ਦੀ ਮੌਤ ਹੋ ਗਈ। ਪੀੜਤ ਪਰਵਾਰ ਮੂਲ ਰੂਪ ਵਿੱਚ ਯੂ ਪੀ ਦੇ ਜ਼ਿਲ੍ਹਾ ਗੌਂਡਾ ਦੇ ਪਿੰਡ ਤੁਲਸੀਪੁਰ ਦਾ ਵਸਨੀਕਹੈ। ਹਸਪਤਾਲ ਵਿੱਚ ਜ਼ਖਮੀ ਵਿਜੇ ਕੁਮਾਰ ਨੇ ਦੱਸਿਆ ਕਿ ਉਹ ਰੋਜ਼ ਵਾਂਗ ਸ਼ੁੱਕਰਵਾਰ ਰਾਤ ਪਰਵਾਰ ਨਾਲ ਖਾਣਾ ਖਾਣ ਤੋਂ ਬਾਅਦ ਸੌਂ ਗਿਆ। ਸਵੇਰੇ ਕਰੀਬ ਚਾਰ ਵਜੇ ਹੋਏ ਧਮਾਕੇ ਨਾਲ ਉਨ੍ਹਾਂ ਦੇ ਕਮਰੇ ਦੀ ਛੱਤ ਪਰਵਾਰ ਉੱਤੇ ਆ ਡਿੱਗੀ, ਜਿਸ ਪਿੱਚੋਂ ਉਨ੍ਹਾਂ ਨੂੰ ਬੇਸੁਧ ਹਾਲਤ ਵਿੱਚ ਪੁਲਸ ਨੇ ਸਿਵਲ ਹਸਪਤਾਲ ਪਹੁੰਚਾਇਆ।



# ਕਾਲੋਨਾਈਜ਼ਰਾਂ ਤੇ ਪ੍ਰਾਪਰਟੀ ਡੀਲਰਾਂ ਦੇ ਝਗੜੇ ਵਿੱਚ ਫਾਇਰਿੰਗ ਵਿੱਚ ਇੱਕ ਦੀ ਮੌਤ

ਮਾਨਾਂਵਾਲਾ, 19 ਜੂਨ (ਪੋਸਟ ਬਿਊਰੋ)- ਕੱਲ੍ਹ ਰਾਤ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਕਾਲੋਨਾਈਜ਼ਰਾਂ ਅਤੇ ਪ੍ਰਾਪਰਟੀ ਡੀਲਰਾਂ ਦੇ ਝਗੜੇ ਵਿੱਚ ਗੋਲੀਆਂ ਚੱਲਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ ਤੇ ਤਿੰਨ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਪ੍ਰਾਪਰਟੀ ਦੇ ਕਾਰੋਬਾਰ ਵਾਲੇਕਈ ਲੋਕ ਮਾਨਾਂਵਾਲਾ ਵਿਖੇ ਬਣਾਈ ਜਾ ਰਹੀ ਕਾਲੋਨੀ ਡਰੀਮ ਸਿਟੀ ਨੈਕਸਟ ਵਿੱਚ ਰਾਤ ਦੀ ਪਾਰਟੀ ਵਿੱਚ ਇਕੱਠੇ ਹੋਏ ਸਨ, ਜਿਸ ਵਿੱਚ ਦੋ ਧਿਰਾਂ ਦਾ ਬੋਲ-ਬੁਲਾਰਾ ਹੋ ਗਿਆ ਅਤੇ ਫਿਰ ਦੋਵੇਂ ਧਿਰਾਂ ਰਾਤਕਰੀਬ 11-12 ਵਜੇ ਡਰੀਮ ਸਿਟੀ-1 ਦੇ ਬਾਹਰ ਮਾਨਾਂਵਾਲਾ ਪਹੁੰਚ ਗਈਆਂ, ਜਿੱਥੇ ਇਨ੍ਹਾਂ ਦਾ ਝਗੜਾ ਵਧ ਕੇ ਗੱਲ ਗੋਲੀ ਚੱਲਣ ਤਕ ਪਹੁੰਚ ਗਿਆ ਅਤੇ ਫਿਰ ਫਾਇਰਿੰਗ ਵਿੱਚ ਇੱਕ ਨੌਜਵਾਨ ਨਰਿੰਦਰ ਸਿੰਘ ਦੀ ਮੌਤ ਹੋ ਗਈ। ਇਸ ਬਾਰੇ ਚਰਨਜੋਤ ਸਿੰਘ ਗਲੀ ਜਾਮਣਾਂ ਵਾਲੀ, ਅੰਮ੍ਰਿਤਸਰ ਨੇ ਪੁਲਸ ਨੂੰ ਦੱਸਿਆ ਕਿ ਉਹ ਪ੍ਰਾਪਰਟੀ ਦਾ ਕੰਮ ਕਰਦਾ ਹੈ ਅਤੇ ਰਾਤ ਉਹ ਆਪਣੇ ਦੋਸਤਾਂ ਮਾਈਕਲ ਅਤੇ ਬਰਜਿੰ-ਦਰ ਸੇਠ ਨਾਲ ਡਰੀਮ ਸਿਟੀ ਨੈਕਸਟ ਦੀ ਪਾਰਟੀ ਵਿੱਚ ਗਿਆ ਸੀ। ਉਥੇ ਮੌਜੂਦ ਮਹਿੰਦਰਪਾਲ ਸਿੰਘ ਨੇ ਮਾਈਕਲ ਨੂੰ ਅਪਸ਼ਬਦ ਬੋਲੇ, ਪਰ ਮੁਹਤਬਰਾਂ ਨੇ ਦੋਵਾਂ ਨੂੰ ਵੱਖ-ਵੱਖ ਕਰ ਦਿੱਤਾ ਤੇ ਉਸ ਤੋਂ ਬਾਅਦ ਮਹਿੰਦਰਪਾਲ ਨੇ ਬਰਜਿੰਦਰ ਸੇਠ ਦੇ ਫੋਨ ਉੱਤੇ ਫੋਨ ਕੀਤਾ ਅਤੇ ਡਰੀਮ ਸਿਟੀ-1 ਦੇ ਬੈਸਟ ਪ੍ਰਾਈਜ਼ ਮਾਨਾਂਵਾਲਾ ਵਿਖੇ ਬੁਲਾ ਲਿਆ। ਚਰਨ-ਜੋਤ ਸਿੰਘ ਦੱਸਿਆ ਕਿ ਉਹ ਮਾਈਕਲ, ਬਰਜਿੰਦਰ ਸੇਠ ਨਾਲ ਉਥੇ ਚਲੇ ਗਏ ਤੇ ਇਸੇ ਦੌਰਾਨ ਮਾਈਕਲ ਨੇ ਆਪਣੇ ਦੋਸਤਾਂ ਸਨੀ ਤੇ ਨਰਿੰਦਰ ਸਿੰਘ ਨੂੰ ਬੁਲਾ ਲਿਆ ਅਤੇ ਉਹ ਵੀ ਡਰੀਮ ਸਿਟੀ ਪਹੁੰਚ ਗਏ। ਕੁਝ ਸਮੇਂ ਬਾਅਦ ਮਹਿੰ-ਦਰਪਾਲ ਸਿੰਘ ਆਪਣੇ ਸਾਥੀ ਸਮੇਤ ਆਇਆ ਤਾਂ ਆਉਂਦਿਆਂ ਹੀ ਮਾਈਕਲ ਨੂੰ ਗਾਲ੍ਹਾਂ ਕੱਢਣੀਆਂ ਅਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਜਦੋਂ ਮੈਂ, ਸਨੀ ਤੇ ਨਰਿੰਦਰ ਸਿੰਘ ਉਸ ਨੂੰ ਰੋਕਣ ਲੱਗੇ ਤਾਂ ਉਸ ਨੇ ਸਿੱਧੀਆਂ ਗੋਲੀਆਂ ਚਲਾ ਦਿੱਤੀਆਂ। ਡਰੀਮ ਸਿਟੀ-1 ਦੇ ਇੱਕ ਸੁਰੱਖਿਆ ਗਾਰਡ ਨੇ ਦੱਸਿਆ ਕਿ 25-30 ਗੋਲੀਆਂ ਚੱਲੀਆਂ ਸਨ। ਥਾਣਾ ਚਾਟੀਵਿੰਡ ਦੇ ਐਸ ਐਚ ਓ ਨੇ ਦੱਸਿਆ ਕਿ ਬੀਤੀ ਰਾਤ ਵਾਪਰੀ ਘਟਨਾ ਵਿੱਚ ਨਰਿੰਦਰ ਸਿੰਘ ਦੀ ਮੌਤ ਹੋ ਗਈ ਅਤੇ ਚਰਨਜੋਤ ਸਿੰਘ, ਸਨੀ ਅਤੇ ਮਹਿੰਦਰਪਾਲ ਸਿੰਘ ਆਦਿ ਜ਼ਖਮੀ ਹੋ ਗਏ, ਜੋ ਅੰਮ੍ਰਿਤਸਰ ਦੇ ਨਿੱਜੀ ਹਸਪਤਾਲਾਂ ਵਿੱਚ ਜ਼ੇਰੇ ਇਲਾਜ ਹਨ।

# ਤੀਸਰੀ ਮੰਜ਼ਿਲ ਤੋਂ ਨਵ-ਜੰਮੀ ਬੱਚੀ ਦੀ ਲਾਸ਼ ਮਿਲੀ

ਜਲੰਧਰ, 19 ਜੂਨ (ਪੋਸਟ ਬਿਊਰੋ)- ਜਲੰਧਰ ਕੈਂਟ ਦੇ ਮੁਹੱਲਾ ਨੰਬਰ 21 ਵਿੱਚ ਕੱਲ੍ਹ ਸ਼ਾਮ ਘਰ ਦੀ ਤੀਸਰੀ ਮੰਜ਼ਿਲ ਤੋਂ ਨਵਜੰਮੀ ਬੱਚੀ ਦੀ ਲਾਸ਼ ਮਿਲੀ ਹੈ। ਗੋਰਾ ਰੰਗ, ਮੁੱਠੀਆਂ ਬੰਦ, ਸਿਰ ਉੱਤੇ ਕੋਮਲ ਵਾਲਾਂ ਵਾਲੀ ਬੱਚੀ ਟੈਂਕੀ ਦੇ ਨੇੜੇ ਪਈਸੀ, ਪਰ ਉਸ ਦੇ ਸਾਹ ਰੁਕ ਚੁੱਕੇ, ਸਰੀਰ ਭਿੱਜਿਆ ਹੋਇਆ ਅਤੇ ਹਲਕੇ ਜ਼ਖਮ ਸਨ। ਬੱਚੀ ਇੱਕ ਦਿਨ ਦੀ ਲੱਗ ਰਹੀ ਸੀ ਅਤੇ ਨਾਰਮਲ ਡਿਲੀਵਰੀ ਨਾਲ ਉਸ ਦਾ ਜਨਮ ਹੋਇਆ ਸੀ।

ਕੱਲ੍ਹ ਕੈਂਟ ਦੇ ਮੁਹੱਲਾ ਨੰਬਰ 21 ਵਿੱਚ ਰਹਿੰਦੇ ਨਵੀਨ ਦੇ ਘਰ ਕਰੀਬ ਪੰਜ ਵਜੇ ਬਜ਼ੁਰਗ ਔਰਤ ਛੱਤ ਉੱਤੇ ਕੱਪੜੇ ਉਤਾਰਨ ਗਈ ਤਾਂ ਉਸ ਦੀ ਨਜ਼ਰ ਨਾਜ਼ੁਕ ਪੈਰਾਂ ਉੱਤੇ ਪਈ। ਥੋੜ੍ਹਾ ਅੱਗੇ ਵਧ ਕੇ ਦੇਖਿਆ ਤਾਂ ਉਥੇ ਬੱਚੀ ਪਈ ਸੀ। ਬਜ਼ੁਰਗ ਨੇ ਉਸ ਨੂੰ ਉਠਾਉਣਾ ਚਾਹਿਆ, ਪਰ ਬੇਸੁਧ ਸੀ। ਨਾਜ਼ੁਕ ਜਿਹੇ ਸਰੀਰ ਉੱਤੇ ਮੱਖੀਆਂ ਤੇ ਕੀੜੇ ਸਨ। ਪੈਰਾਂ ਉੱਤੇ ਜ਼ਖਮ ਬਣੇ ਹੋਏ ਸਨ। ਨਵੀਨ ਇੱਕ ਡਲਿਵਰੀ ਕੰਪਨੀ ਵਿੱਚ ਕੰਮ ਕਰਦਾ ਹੈ।ਥਾਣਾ ਕੈਂਟ ਦੀ ਐਸ ਐਚ ਓ ਦੇ ਮੁਤਾਬਕ ਅਜੇ ਕਲੀਅਰ ਨਹੀਂ ਹੋਇਆ ਕਿ ਬੱਚੀ ਕਿਸ ਨੇ ਸੁੱਟੀ ਸੀ। ਪੁਲਸ ਇੱਕ ਹਫਤੇ ਦਾ ਸੀ ਸੀ ਟੀ ਵੀ ਰਿਕਾਰਡ ਚੈਕ ਕਰ ਰਹੀ ਹੈ। ਬੱਚੀ ਦਾ ਨਾੜੂ ਉਸ ਦੇ ਪੇਟ ਤੋਂ ਗਰਦਨ ਤੇ ਫਿਰ ਕੰਨ ਨਾਲ ਲਪੇਟਿਆ ਹੋਇਆ ਸੀ। ਸ਼ਾਮ ਦੇ ਸਮੇਂ ਜਦ ਬੱਚੀ ਹਸਪਤਾਲ ਪਹੁੰਚੀ ਤਾਂ ਡਾਕਟਰਾਂ ਨੇ ਕਿਹਾ ਕਿ ਬੱਚੀ ਪੂਰੇ ਦਿਨ ਦੀ ਸੀ ਅਤੇ ਇੱਕ ਦਿਨ ਬਾਅਦ ਉਸ ਦੀ ਮੌਤ ਹੋਈ ਹੈ। ਬੱਚੀ ਦੀ ਲਾਸ਼ ਕਰੀਬ ਚਾਰ ਤੋਂ ਪੰਜ ਦਿਨ ਪੁਰਾਣੀ ਹੈ। ਪੁਲਸ ਇਸ ਮਾਮਲੇ ਦੀ ਹੱਤਿਆ ਦੇ ਐਂਗਲ ਤੋਂ ਵੀ ਜਾਂਚ ਕਰ ਰਹੀ ਹੈ। ਪੁਲਸ ਨੂੰ ਸ਼ੱਕ ਹੈ ਬੱਚੀ ਦੀ ਹੱਤਿਆ ਕਰ ਕੇ ਲਾਸ਼ ਉਥੇ ਰੱਖੀ ਗਈ ਸੀ।



### ਹਾਈ ਕੋਰਟ ਦਾ ਹੁਕਮ

## ਪੁਲਸ ਛਾਪੇ ਦੌਰਾਨ ਸੈਕਸ ਵਰਕਰ ਨੂੰ ਗ੍ਰਿਫਤਾਰ ਨਾ ਕਰੋ



ਚੇਨਈ, 19 ਜੂਨ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਨੇ ਇੱਕ ਹੁਕਮ ਵਿੱਚ ਕਿਹਾ ਹੈ ਕਿ ਦੇਹ ਵਪਾਰ ਦੇ ਕਿਸੇ ਅੱਡੇ ਉੱਤੇ ਪੁਲਸ ਜਦੋਂ ਛਾਪਾ ਮਾਰਦੀ ਹੈ ਤਾਂ ਸੈਕਸ ਵਰਕਰਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਣਾ ਚਾਹੀਦਾ।

ਸੁਪਰੀਮ ਕੋਰਟ ਦੇ ਇੱਕ ਤਾਜ਼ਾ ਫੈਸਲੇ ਦੇ ਹਵਾਲੇ ਨਾਲ ਜਸਟਿਸ ਐਨ ਸਤੀਸ਼ ਕੁਮਾਰ ਨੇ ਦੇਹ ਵਪਾਰ ਦੇ ਇੱਕ ਕੇਸ ਵਿੱਚ ਗਾਹਕ ਦੇ ਖਿਲਾਫ ਦਰਜ ਕੇਸ ਰੱਦ ਕਰ ਦਿੱਤਾ।ਪਿੱਛੇ ਜਿਹੇਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਜਦ ਦੇਹ ਵਪਾਰ ਦੇ ਅੱਡੇ ਉੱਤੇ ਛਾਪਾ ਮਾਰਿਆ ਜਾਂਦਾ ਹੈ ਤਾਂ ਸੈਕਸ ਵਰਕਰਾਂ ਨੂੰ ਗ੍ਰਿਫਤਾਰ, ਸਜ਼ਾ ਜਾਂ ਪਰੇਸ਼ਾਨ ਜਾਂ ਸ਼ੋਸ਼ਣ ਨਹੀਂ ਕੀਤਾ ਜਾਣਾ ਚਾਹੀਦਾ। ਏਦਾਂ ਦੀ ਕਾਰਵਾਈ ਕੇਵਲ ਦੇਹ ਵਪਾਰ ਦਾ ਅੱਡਾ ਚਲਾਉਣ ਵਾਲੇ ਲਈ ਹੋਣੀ ਚਾਹੀਦੀ ਹੈ।ਜਸਟਿਸ ਕੁਮਾਰ ਨੇ ਕਿਹਾ, ‘‘ਤਾਜ਼ਾ ਕੇਸ ਵਿੱਚ ਪਟੀਸ਼ਨਰ ਉਸ ਸਥਾਨ ਉੱਤੇ ਸੀ ਜਿਸ ਨੂੰ ਪੁਲਸ ਨੇ ਕਿਸੇ ਹੋਰ ਵੱਲੋਂ ਚਲਾਇਆ ਜਾਂਦਾ ਦੇਹ ਵਪਾਰ ਦਾ ਅੱਡਾ ਦੱਸਿਆ ਹੈ। ਸਿਰਫ ਉਥੇ ਮੌਜੂਦ ਹੋਣ ਕਾਰਨ ਪਟੀਸ਼ਨਰ ਨੂੰ ਕਿਸੇ ਵੀ ਸਜ਼ਾ ਵਾਲੇ ਫੈਸਲੇ ਨਾਲ ਨਹੀਂ ਬੰਨ੍ਹਿਆ ਜਾ ਸਕਦਾ ਹੈ। ਪਟੀਸ਼ਨਰ ਉਦੈ ਕੁਮਾਰ ਨੂੰ ਚਿੰਤ-ਾਦ੍ਰਿਪੇਟ ਵਿੱਚ ਦੇਹ ਵਪਾਰ ਦੇ ਇੱਕ ਅੱਡੇ ਤੋਂ ਗ੍ਰਿਫਤਾਰ ਕੀਤਾ ਸੀ। ਉਸ ਦੇ ਖਿਲਾਫ ਦੋਸ਼ ਸੀ ਕਿ ਜਦ ਪੁਲਸ ਨੇ ਮਸਾਜ ਸੈਂਟਰ ਉੱਤੇ ਛਾਪਾ ਮਾਰਿਆ ਤਾਂ ਉਹ ਸੈਕਸ ਵਰਕਰਾਂ ਦੇ ਨਾਲ ਸੀ। ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਭਾਵੇਂ ਦੋਸ਼ਾਂ ਨੂੰ ਜੋੜ ਲਿਆ ਹੋਵੇ, ਇਹ ਕਿਸੇ ਅਪਰਾਧ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ। ਸੈਕਸ ਵਰਕਰ ਗੈਰ ਕਾਨੂੰਨੀ ਨਹੀਂ, ਦੇਹ ਵਪਾਰ ਦਾ ਵੱਡਾ ਚਲਾਉਣਾ ਗੈਰ ਕਾਨੂੰਨੀ ਹੈ। ਸੈਕਸ ਵਰਕਰ ਮਰਜ਼ੀ ਨਾਲ ਇਸ ਪੇਸ਼ੇ ਵਿੱਚ ਹਨ, ਕਿਸੇ ਲਾਲਚ ਜਾਂ ਜ਼ੋਰ ਜਬਰਦਸਤੀ ਦੇ ਕਾਰਨ ਨਹੀਂ।

## ਧੋਖਾਧੜੀ ਮਾਮਲੇ ਵਿਚ ਸੇਬੀ ਨੇ 86 ਲੋਕਾਂ ਉਤੇ ਇੱਕ ਕਰੋੜ ਦਾ ਜ਼ੁਰਮਾਨਾ ਲਾਇਆ



ਮੁੰਬਈ, 19 ਜੂਨ (ਪੋਸਟ ਬਿਊਰੋ)- ਪੂੰਜੀ ਬਾਜ਼ਾਰ ਰੈਗੂਲੇਟਰੀ ਸੇਬੀ (ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਸਨਰਾਈਜ਼ ਏਸ਼ੀਅਨ ਲਿਮਟਿਡ ਦੇ ਸ਼ੇਅਰਾਂ ਦੀ ਦੁਰਵਰਤੋਂ ਕਰਨ ਲਈ ਕੱਲ੍ਹ 86 ਲੋਕਾਂ ਉੱਤੇ ਇੱਕ ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਸੇਬੀ ਨੇ ਆਪਣੇ ਇੱਕ ਫੈਸਲੇ ਰਾਹੀਂ ਸਨਰਾਈਜ਼ ਏਸ਼ੀਅਨ ਲਿਮਟਿਡ (ਐਸ ਏ ਐਲ), ਇਸ ਦੇ ਪੰਜ ਸਾਬਕਾ ਡਾਇਰੈਕਟਰਾਂ ਅਤੇ ਕੰਪਨੀ ਨਾਲ ਜੁੜੇ ਅੱਸੀ ਲੋਕਾਂਅਤੇ ਯੂਨਿਟਾਂ ਉੱਤੇ ਇੱਕ ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ।ਜੁਰਮਾਨੇ ਦੀ ਇਹ ਰਕਮ ਦੋਸ਼ੀਆਂ ਨੇ ਸਾਂਝੀ ਅਦਾ ਕਰਨੀ ਹੈ। ਸੇਬੀ ਨੇ ਆਮਦਨ ਟੈਕਸ ਦੇ ਚੀਫ ਡਾਇਰੈਕਟਰ (ਜਾਂਚ), ਕੋਲਕਤਾ ਤੋਂ ਮਿਲੇ ਇਨ-ਪੁਟ ਉੱਤੇ ਅਕਤੂਬਰ 2012 ਤੋਂ ਸਤੰਬਰ 2015 ਦੀ ਮਿਆਦ ਤਕ ਜਾਂਚ ਕੀਤੀ ਸੀ ਤਾਂ ਪਤਾ ਲੱਗਾ ਕਿ ਰਲੇਵੇਂ ਦੀ ਯੋਜਨਾ ਵਜੋਂ ਸਨਰਾਈਜ਼ ਏਸ਼ੀਅਨ ਤੇ ਇਸ ਦੇ ਤਤਕਾਲੀ ਡਾਇਰੈਕਟਰਾਂ ਨੇ ਜਾਂਚ ਦੀ ਮਿਆਦ ਯਾਨੀ ਅਕਤੂਬਰ 2012 ਤੋਂ ਸਤੰਬਰ 2015 ਦੌਰਾਨ ਸਨਰਾਈਜ਼ ਏਸ਼ੀਅਨ ਦੇ ਸਟਾਕ ਦੀ ਕੀਮਤ ਵਿੱਚ ਹੇਰਾਫੇਰੀ ਕੀਤੀ ਸੀ। ਇਸ ਕੇਸ ਵਿੱਚ 86 ਦੋਸ਼ੀਆਂ ਵਿੱਚੋਂ ਦੋ ਜਣਿਆਂ ਦੀ ਮੌਤ ਹੋ ਚੁੱਕੀ ਹੈ, ਇੱਕ ਵਿਅਕਤੀ ਨੇ ਸੇਬੀ ਨਾਲ ਮਾਮਲਾ ਸੈਟਲ ਕਰ ਲਿਆ ਹੈ।ਇਸੇ ਫੈਸਲੇ ਵਿੱਚ ਸੇਬੀ ਨੇ ਬ੍ਰੋਨਜ਼ ਟਰੇਡਿੰਗ ਲਿਮਟਿਡ ਦੇ ਮਾਮਲੇ ਵਿੱਚ ਪ੍ਰਗਟਾਅ ਦੇ ਨਿਯਮਾਂ ਦੀ ਉਲੰਘਣਾ ਕਰਨ ਲਈ ਦੋ ਵਿਅਕਤੀਆਂ ਉੱਤੇ ਇੱਕ ਲੱਖ ਰੁਪਏ ਦਾ ਜੁਰਮਾਨਾ ਲਾਇਆ ਹੈ। ਸੇਬੀ ਨੂੰ ਬੀ ਐਸ ਈ ਤੋਂ ਇੱਕ ਨੋਟੀਫਿਕੇਸ਼ਨ ਮਿਲਿਆ ਸੀ ਕਿ 16 ਜੁਲਾਈ ਤੋਂ ਦਸੰਬਰ 2016 ਦੌਰਾਨ ਬ੍ਰੋਨਜ਼ ਟਰੇਡਿੰਗ ਲਿਮਟਿਡ ਵਿੱਚ ਨਿਵੇਸ਼ ਲਈ ਲੋਕਾਂ ਨੂੰ ਐਸ ਐਮ ਐਸ ਅਤੇ ਕਾਲਾਂ ਨਾਲਝੂਠੇ ਸੁਝਾਅ ਦਿੱਤੇ ਗਏ ਸਨ, ਜਿਸ ਵਿੱਚ ਮਿਥੇ ਸਮੇਂ ਵਿੱਚ ਟੀਚਾ ਮੁੱਲ ਪ੍ਰਾਪਤ ਕਰਨ ਦੀ ਗੱਲ ਕਹੀ ਸੀ। ਜਾਂਚ ਤੋਂ ਬਾਅਦ ਸੇਬੀ ਨੇ ਦੋ ਜਣਿਆਂ ਨੂੰ ਇੱਕ ਲੱਖ ਰੁਪਏ ਜੁਰਮਾਨਾ ਲਾਇਆ ਹੈ।

# ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਹਮਲੇ ਵਿੱਚ ਤਿੰਨ ਯਾਤਰੀ ਜ਼ਖਮੀ



ਸਾਨ ਫਰਾਂਸਿਸਕੋ, 19 ਜੂਨ (ਪੋਸਟ ਬਿਊਰੋ)- ਅਮਰੀਕਾ ਦੇ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਬੀਤੇ ਦਿਨੀਂ ਇੱਕ ਵਿਅਕਤੀ ਨੇ ਯਾਤਰੀਆਂ ਉਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ।

ਅਧਿਕਾਰੀਆਂ ਨੇ ਦੱਸਿਆ ਕਿ ਇਸ ਹਮਲੇ ਵਿੱਚ ਤਿੰਨ ਯਾਤਰੀ ਜ਼ਖਮੀ ਹੋਏ ਹਨ। ਬਾਅਦ ਵਿੱਚ ਅਧਿਕਾਰੀਆਂ ਨੇ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਨੇ ਕਿਹਾ, ‘ਦੋਸ਼ੀ ਨੇ ਸ਼ਾਮ ਕਰੀਬ ਛੇ ਵਜੇ ਹਵਾਈ ਅੱਡੇ ਦੇ ਅੰਤਰਰਾਸ਼ਟਰੀ ਟਰਮੀਨਲ ਵਿੱਚ ਸਾਰੇ ਪਾਸੇ ਘੁੰਮਦੇ ਹੋਏ ਅਚਾਨਕ ਤੇਜ਼ਧਾਰ ਹਥਿਆਰ ਨਾਲ ਤਿੰਨ ਜਣਿਆਂ ਉੱਤੇ ਹਮਲਾ ਕਰ ਦਿੱਤਾ।''

ਹਵਾਈ ਅੱਡੇ ਉੱਤੇ ਤੈਨਾਤ ਮੈਨੇਜਰ ਰਸੇਲ ਮੈਕੇ ਨੇ ਸਾਨ ਫਰਾਂਸਿਸਕੋ ਪੁਲਸ ਨੂੰ ਦੱਸਿਆ ਕਿ ਜਦੋਂ ਯਤਰੀਆਂ ਉੱਤੇ ਹਮਲਾ ਹੋਇਆ, ਓਦੋਂ ਉਹ ਸੁਰੱਖਿਆ ਜਾਂਚ ਤੋਂ ਪਹਿਲੇ ਖੇਤਰ ਵਿੱਚ ਸਨ। ਮੌਕੇ ਉੱਤੇ ਪੁੱਜੇ ਪੁਲਸ ਅਧਿਕਾਰੀਆਂ ਨੇ ਹਮਲਾਵਰ ਨੂੰ ਫੜ ਲਿਆ। ਉਸ ਦਾ ਨਾਂਅ ਨਹੀਂ ਦੱਸਿਆ ਗਿਆ। ਅਧਿਕਾਰੀਆਂ ਮੁਤਾਬਕ ਪੀੜਤਾਂ ਨੂੰ ਮਾਮੂਲੀ ਸੱਟਾਂ ਸਨ ਅਤੇ ਯਾਤਰਾ ਤੋਂ ਪਹਿਲਾਂ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਘਟਨਾ ਕਾਰਨ ਹਵਾਈ ਅੱਡੇ ਤੋਂ ਕਿਸੇ ਹੋਰ ਉਡਾਣ ਦਾ ਸੰਚਾਲਨ ਪ੍ਰਭਾਵਤ ਨਹੀਂ ਹੋਇਆ।ਰਸੇਲ ਮੈਕੇ ਨੇ ਕਿਹਾ ਕਿ ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਸ਼ੱਕੀ ਕਿਹੜੀ ਉਡਣ ਦਾ ਯਾਤਰੀ ਸੀ ਜਾਂ ਨਹੀਂ ਸੀ ਅਤੇ ਉਸ ਨੇ ਕਿਸ ਮਕਸਦ ਨਾਲ ਹਮਲਾ ਕੀਤਾ। ਹਵਾਈ ਅੱਡੇ ਉੱਤੇ ਮੌਜੂਦ ਕੇ ਟੀ ਵੀ ਯੂ-ਟੀ ਵੀ ਦੇ ਇੱਕ ਪੱਤਰਕਾਰ ਨੇ ਦੱਸਿਆ ਕਿ ਘਟਨਾ ਸਥਾਨ ਤੋਂ ਤੇਜ਼ਧਾਰ ਹਥਿਆਰ ਹਟਾ ਦਿੱਤਾ ਗਿਆ ਹੈ। ਹਾਲਾਂਕਿ ਹਮਲੇ ਨਾਲ ਜੁੜੀ ਹੋਰ ਜਾਣਕਾਰੀ ਤੁਰੰਤ ਉਪਲਬਧ ਨਹੀਂ ਹੈ।

## ਕਸ਼ਮੀਰ ਵਾਦੀ ਵਿੱਚ ਅੱਤਵਾਦੀਆਂ ਵੱਲੋਂ ਥਾਣੇਦਾਰ ਦੀ ਹੱਤਿਆ



ਸ੍ਰੀਨਗਰ, 19 ਜੂਨ (ਪੋਸਟ ਬਿਊਰੋ)- ਕਸ਼ਮੀਰ ਵਿੱਚ ਅੱਤਵਾਦੀਆਂ ਨੇ ਇੱਕ ਨਿਹੱਥੇ ਪੁਲਸ ਸਬ ਇੰਸਪੈਕਟਰ (ਐਸ ਆਈ) ਨੂੰ ਨਿਸ਼ਾਨਾ ਬਣਾਇਆ ਤੇ ਸ਼ੁੱਕਰਵਾਰ ਰਾਤ ਨੂੰ ਦੱਖਣੀ ਕਸ਼ਮੀਰ ਦੇ ਸੰਬੂਰਾ (ਪੁਲਵਾਮਾ) ਵਿੱਚ ਖੇਤ ਵਿੱਚ ਕੰਮ ਕਰ ਰਹੇ ਵਕਤ ਉਸ ਦੀ ਹੱਤਿਆ ਕਰ ਦਿੱਤੀ।ਵਾਰਦਾਤ ਦੀ ਜ਼ਿੰਮੇਵਾਰੀ ਕਸ਼ਮੀਰ ਵਿੱਚ ਅੱਤਵਾਦ ਦਾ ਨਵਾਂ ਨਾਂਅ ਬਣੇ ਦਿ ਰਜਿਸਟੈਂਸ ਫਰੰਟ (ਟੀ ਆਰ ਐਫ) ਦੇ ਈਗਲ ਸਕੁਐਡ ਨੇ ਲਈ ਹੈ।

ਪੁਲਸ ਨੇ ਇਸ ਨੂੰ ਟਾਰਗੈਟ ਕਿਲਿੰਗ ਕਿਹਾ ਹੈ। ਇਸ ਦੌਰਾਨ ਬੀਤੇ ਦਿਨੀਂ ਉਤਰੀ ਕਸ਼ਮੀਰ ਦੇ ਬਾਰਾਮੂਲਾ ਵਿੱਚ ਸੁਰੱਖਿਆ ਦਸਤਿਆਂ ਨੇ ਆਈ ਈ ਡੀ ਨੂੰ ਨਕਾਰਾ ਕਰ ਕੇ ਫੌਜੀ ਕਾਫਲਾ ਉਡਾਉਣ ਦੀ ਅੱਤਵਾਦੀ ਸਾਜ਼ਿਸ਼ ਨਾਕਾਮ ਕਰ ਦਿੱਤੀ ਸੀ। ਪੁਲਵਾਮਾ ਤੋਂ ਮਿਲੀ ਜਾਣਕਾਰੀ ਮੁਤਾਬਕ ਮਾਰਿਆ ਗਿਆ ਐਸ ਆਈ ਫਾਰੂਕ ਅਹਿਮਦ ਮੀਰ ਇੰਡੀਅਨ ਰਿਜ਼ਰਵ ਪੁਲਸ (ਆਈ ਆਰ ਪੀ) ਦੀ 23ਵੀਂ ਬਟਾਲੀਅਨ ਵਿੱਚੋਂ ਸੀ। ਉਸ ਦੀ ਡਿਊਟੀ ਜ਼ਿਲ੍ਹਾ ਪੁਲਵਾਮਾ ਦੇ ਲੈਥਪੋਰਾ ਵਿੱਚ ਸੀ। ਕੁਝ ਦਿਨ ਪਹਿਲਾਂ ਉਹ ਛੁੱਟੀ ਉੱਤੇ ਸੰਬੂਰਾ, ਪਾਂਪੋਰ ਆਇਆ ਸੀ। ਪਰਵਾਰ ਨੇ ਦੱਸਿਆ ਕਿ ਸ਼ੁੱਕਰਵਾਰ ਰਾਤ ਸਾਢੇ ਅੱਠ ਵਜੇ ਉਹ ਘਰੋਂ ਕੁਝ ਦੂਰ ਖੇਤ ਵੱਲ ਗਿਆ ਸੀ। ਜਦੋਂ ਕਾਫੀ ਦੇਰ ਤਕ ਘਰ ਨਹੀਂ ਪਰਤਿਆ ਤਾਂ ਫੋਨ ਕੀਤਾ। ਫੋਨ ਬੰਦ ਸੀ। ਸ਼ੱਕ ਹੋਣ ਉੱਤੇ ਪਰਵਾਰਕ ਮੈਂਬਰ ਉਸ ਨੂੰ ਲੱਭਦੇ ਹੋਏ ਖੇਤ ਦੇ ਨੇੜੇ ਪੁੱਜੇ ਤਾਂ ਸਿੰਚਾਈ ਲਈ ਬਣੀ ਛੋਟੀ ਨਹਿਰ ਕੋਲ ਉਸ ਦੀ ਲਾਸ਼ ਪਈ ਸੀ। ਉਨ੍ਹਾਂ ਸੂਚਿਤ ਕੀਤਾ ਤਾਂ ਕੁਝ ਸਮੇਂ ਵਿੱਚ ਪੁਲਸ ਆ ਗਈ। ਫਾਰੂਕ ਦੀ ਛਾਤੀ ਵਿੱਚ ਗੋਲੀਆਂ ਦੇ ਜ਼ਖਮ ਸਨ। ਲਾਸ਼ ਦੇ ਨੇੜੇ ਪਿਸਤੌਲ ਦੇ ਦੋ ਖਾਲੀ ਕਾਰਤੂਸ ਵੀ ਮਿਲੇ ਹਨ। ਸਬੰਧਤ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਇਹ ਟਾਰਗੈਟ ਕਿਲਿੰਗ ਦਾ ਮਾਮਲਾ ਹੈ। ਅੱਤਵਾਦੀਆਂ ਨੂੰ ਪਤਾ ਸੀ ਕਿ ਫਾਰੂਕ ਘਰ ਆਇਆ ਹੋਇਆ ਹੈ ਤੇ ਉਹ ਉਸ ਦਾ ਪਿੱਛਾ ਕਰ ਰਹੇ ਹੋਣਗੇ ਤੇ ਰਾਤ ਨੂੰ ਮੌਕਾ ਮਿਲਦੇ ਹੀ ਵਾਰਦਾਤ ਕਰ ਗਏ।

## ਵਿਸ਼ਵ ਬੈਂਕ ਨੇ ਭਾਰਤ ਦਾ ਆਰਥਿਕ ਵਿਕਾਸ ਅੰਦਾਜ਼ਾ ਘਟਾਇਆ




ਨਵੀਂ ਦਿੱਲੀ, 19 ਜੂਨ (ਪੋਸਟ ਬਿਊਰੋ)- ਉਚੀ ਕਰੰਸੀ ਵਾਧਾ ਦਰ ਕਾਰਨ ਆਰਥਿਕ ਵਿਕਾਸ ਅੰਦਾਜ਼ੇ ਵਿੱਚ ਕੀਤੀ ਜਾ ਰਹੀ ਕਟੌਤੀ ਨੇ ਨਿਵੇਸ਼ਕਾਂ ਦੀ ਧਾਰਨਾ ਉੱਤੇਉਲਟਾ ਅਸਰ ਪਾਇਆ ਹੈ, ਜਿਸ ਕਾਰਨ ਇਸ ਸਾਲ ਸੰਸਾਰ ਬਾਜ਼ਾਰ ਵਿੱਚ ਤਬਾਹੀ ਮੱਚੀ ਹੋਈ ਹੈ। ਵਿਸ਼ਵ ਬੈਂਕ ਨੇ 2022 ਦਾ ਆਰਥਿਕ ਵਿਕਾਸ ਅੰਦਾਜ਼ਾ 3.2 ਫੀਸਦੀ ਤੋਂ ਘਟਾ ਕੇ 2.9 ਫੀਸਦੀ ਕਰ ਦਿੱਤਾ ਅਤੇ ਚਿਤਾਵਨੀ ਦਿੱਤੀ ਕਿ ਔਸਤ ਨਾਲੋਂ ਵਧੇ ਕਰੰਸੀ ਪਸਾਰਾ ਦਰ ਅਤੇ ਵਿਕਾਸ ਦਰ ਅੰਦਾਜ਼ੇ ਵਿੱਚ ਕਟੌਤੀ ਕਾਰਨ ਹੇਠਲੇ ਅਤੇ ਮੱਧਮ ਆਮਦਨ ਵਰਗ ਵਾਲੇ ਦੇਸ਼ਾਂ ਲਈ ਅਸਥਿਰ ਨਤੀਜੇ ਲਿਆ ਸਕਦੀ ਹੈ।

ਵਿਸ਼ਵ ਬੈਂਕ ਨੇ ਚਾਲੂ ਵਿੱਤੀ ਸਾਲ ਲਈ ਭਾਰਤ ਦਾ ਵਿਕਾਸ ਅੰਦਾਜ਼ਾ ਵੀ ਘਟਾ ਕੇ ਅੱਠ ਫੀਸਦੀ ਨਾਲੋਂ ਸਾਢੇ ਸੱਤ ਫੀਸਦੀ ਕਰ ਦਿੱਤਾ ਹੈ। ਅਜਿਹਾ ਮਹਿੰਗਾਈ, ਸਪਲਾਈ ਰੁਕਾਵਟ ਅਤੇ ਭੂ-ਰਾਜਨੀਤਕ ਤਣਾਅ ਕਾਰਨ ਹੋਇਆ ਹੈ।ਸਾਲ 2022 ਤੋਂ ਅੱਜ ਤਕ ਬੀ ਐਸ ਈ (ਬੰਬੇ ਸਟਾਕ ਐਕਸਚੇਂਜ) ਦਾ ਸੂਚਕ ਅੰਕ ਸੈਂਸੇਕਸ 13 ਫੀਸਦੀ ਡਿੱਗਿਆ ਹੈ। ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਯਾਨੀ ਐਫ ਈ ਨੇ ਅੱਠ ਮਹੀਨੇ ਵਿੱਚ ਭਾਰਤੀ ਬਾਜ਼ਾਰਤੋਂ 42 ਅਰਬ ਡਾਲਰ ਜਾਂ 3.26 ਲੱਖ ਕਰੋੜ ਰੁਪਏ ਦੀ ਨਿਕਾਸੀ ਕੀਤੀ ਹੈ। ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕ ਸਾਰੇ ਗਰੁੱਪਾਂ ਵਿੱਚ ਵਿਕਰੀ ਕਰ ਰਹੇ ਹਨ। ਕੁਝ ਗਰੁੱਪਾਂ ਉੱਤੇ ਵਿਕਰੀ ਦਾ ਦਬਾਅ ਵੱਧ ਹੈ ਅਤੇ ਕੁਝ ਉੱਤੇ ਘੱਟ, ਹਾਲਾਂਕਿ ਇਨ੍ਹਾਂ ਸਾਰੇ ਉਲਟ ਹਾਲਾਤ ਦੇ ਬਾਵਜੂਦ ਕੁਝ ਕੰਪਨੀਆਂ ਨੇ ਨਿਵੇਸ਼ਕਾਂ ਨੂੰ ਵਧੀਆ ਰਿਟਰਨ ਦਿੱਤਾ। ਦਮਾਨੀਆ ਦਾ ਕਹਿਣਾ ਹੈ ਕਿ ਹੋਰਨਾਂ ਨਿਵੇਸ਼ਕਾਂ ਦੀ ਤੁਲਨਾ ਵਿੱਚ ਸ਼ੇਅਰ ਬਾਜ਼ਾਰ ਵਧੀਆ ਰਿਟਰਨ ਦੇਵੇਗਾ, ਪ੍ਰੰਤੂ ਇਸ ਦੇ ਲਈ ਨਿਵੇਸ਼ਕ ਨੂੰ ਧੀਰਜ ਰੱਖਣਾ ਹੋਵੇਗਾ।

## ਟਿਕਟੌਕ ਦੇ ਚੀਨੀ ਮੁਲਾਜ਼ਮਾਂ ਉਤੇ ਅਮਰੀਕੀ ਲੋਕਾਂ ਦਾ ਨਿੱਜੀ ਡਾਟਾ ਦੇਖਣ ਦੇ ਦੋਸ਼



ਸਾਂਨ ਫਰਾਂਸਿਸਕੋ, 19 ਜੂਨ (ਪੋਸਟ ਬਿਊਰੋ)- ਇੱਕ ਰਿਪੋਰਟ ਮੁਤਾਬਕ ਚੀਨ ਦੀ ਵਿਸ਼ਵ ਪੱਧਰੀ ਇੰਟਰਨੈਸ਼ਨਲ ਕੰਪਨੀ ਬਾਈਟਡਾਂਸ ਦੇ ਮੁਲਾਜਮਾਂ ਨੇ ਅਮਰੀਕਾ ਵਿਚਲੇ ਟਿਕਟੌਕ ਯੂਜ਼ਰਜ਼ ਦਾ ਡਾਟਾ ਨਿਯਮਾਂ ਦੀ ਉਲੰਘਣਾ ਕਰ ਕੇ ਕਈ ਵਾਰ ਦੇਖਿਆ ਹੈ। ਬਜ਼ਫੀਡ ਨਿਊਜ਼ ਨੇ ਟਿਕਟੌਕ, ਜਿਸ ਦੀ ਮਾਲਕ ਕੰਪਨੀ ਬਾਈਟਡਾਂਸ ਹੈ, ਵੱਲੋਂ ਅੱਸੀ ਤੋਂ ਵੱਧ ਅੰਦਰੂਨੀ ਮੀਟਿੰਗਾਂ ਦੇ ਲੀਕ ਹੋਏ ਆਡੀਓਜ਼ ਦਾ ਹਵਾਲਾ ਦੇ ਕੇ ਲਿਖਿਆ ਕਿ ਚੀਨੀ ਇੰਜੀਨੀਅਰਾਂ ਦੀ ਪਹੁੰਚ ਸਤੰਬਰ 2021 ਤੋਂ ਲੈ ਕੇ ਜਨਵਰੀ 2022 ਤਕ ਅਮਰੀਕੀ ਡੈਟੇ ਤਕ ਸੀ। ਅਮਰੀਕਾ ਵਿੱਚ ਟਿਕਟੌਕ ਦੇ ਸਟਾਫ ਨੂੰ ਇਸ ਡੈਟੇ ਤਕ ਪਹੁੰਚ ਬਣਾਉਣ ਦੀ ਮਨਜ਼ੂਰੀ ਨਹੀਂ ਹੈ ਤੇ ਨਾ ਉਨ੍ਹਾਂ ਨੂੰ ਅਜਿਹਾ ਆਪਣੇ ਆਪ ਕਰਨ ਬਾਰੇ ਕੋਈ ਜਾਣਕਾਰੀ ਹੈ।

ਟਿਕਟੌਕ ਦੇ ਟਰੱਸਟ ਅਤੇ ਸੇਫਟੀ ਵਿਭਾਗ ਦੇ ਇੱਕ ਮੈਂਬਰ ਨੇ ਸਤੰਬਰ 2021 ਦੀ ਇੱਕ ਮੀਟਿੰਗ ਵਿੱਚ ਕਿਹਾ ਸੀ ਕਿ ਸਭ ਕੁਝ ਚੀਨ ਵਿੱਚ ਦੇਖਿਆ ਜਾਂਦਾ ਹੈ। ਆਡੀਓ ਟੇਪਾਂ ਵਿੱਚ ਸੰਕੇਤ ਮਿਲਦੇ ਹਨ ਕਿ ਕੰਪਨੀ ਸ਼ਾਇਦ ਅਮਰੀਕਾ ਦੇ ਆਗੂਆਂ, ਆਪਣੇ ਯੂਜ਼ਰਜ਼ਅਤੇ ਲੋਕਾਂ ਨੂੰ ਗੁੰਮ-ਰਾਹ ਕਰਦੀ ਹੈ। ਟਿਕਟੌਕ ਦੇ ਬੁਲਾਰੇ ਨੇ ਕਿਹਾ ਕਿ ਉਹ ਅਮਰੀਕਾ ਵਿਚਲੇ ਡੈਟੇ ਦੀ ਸੁਰੱਖਿਆ ਬਾਰੇ ਹਰ ਸ਼ੱਕ ਦੂਰ ਕਰਨ ਦਾ ਯਤਨ ਕਰਦੇ ਹਨ। ਇਸ ਲਈ ਵੱਖ-ਵੱਖ ਖੇਤਰਾਂ ਤੋਂ ਮਾਹਰ ਰੱਖੇ ਗਏ ਹਨ। ਵਰਨਣ ਯੋਗ ਹੈ ਕਿ 2020 ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਾਈਵੇਸੀ ਤੇ ਸੁਰੱਖਿਆ ਦਾ ਹਵਾਲਾ ਦੇ ਕੇ ਟਿਕਟੌਕ ਉਤੇ ਪਾਬੰਦੀ ਦੀ ਚਿਤਾਵਨੀ ਦਿੱਤੀ ਸੀ। ਉਨ੍ਹਾਂ ਕਿਹਾ ਸੀ ਕਿ ਬਾਈਟਡਾਂਸ ਰਾਹੀਂ ਚੀਨ ਦੀ ਸਰਕਾਰ ਅਮਰੀਕੀ ਲੋਕਾਂ ਦੀਆਂ ਨਿੱਜੀ ਜਾਣਕਾਰੀ ਇਕੱਠੀਆਂ ਕਰ ਰਹੀ ਹੈ।




## ਡਿਲਿਵਰੀ ਬੁਆਏ ਨੇ ਵਾਟਸਐਪ ਉਤੇ ਔਰਤ ਨੂੰ ਭੱਦੇ ਮੈਸੇਜ ਭੇਜੇ



ਨਵੀਂ ਦਿੱਲੀ, 19 ਜੂਨ (ਪੋਸਟ ਬਿਊਰੋ)- ਇੱਕ ਔਰਤ ਨੇ ਆਨਲਾਈਨ ਫੂਡ ਡਿਲਿਵਰੀ ਕੰਪਨੀ ਸਵਿਗੀ ਦੇ ਡਿਲਿਵਰੀ ਬੁਆਏ ਉੱਤੇਭੱਦੇ ਮੈਸੇਜ ਭੇਜ ਕੇ ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ। ਇਸ ਬਾਰੇ ਔਰਤ ਨੇ ਇੱਕ ਟਵੀਟ ਕੀਤਾ ਹੈ, ਜੋ ਵਾਇਰਲ ਹੋ ਰਿਹਾ ਹੈ। ਉਸ ਨੇ ਟਵਿੱਟਰ ਉਤੇ ਇੱਕ ਵਾਟਸਐਪ ਚੈਟ ਦਾ ਇੱਕ ਸਕਰੀਨ ਸ਼ਾਟ ਸ਼ੇਅਰ ਕਰ ਕੇ ਕਿਹਾ ਕਿ ਡਿਲਿਵਰੀ ਬੁਆਏ ਉਸ ਦੇ ਘਰ ਗਰੋਸਰੀ (ਕਰਿਆਨੇ ਦਾ ਸਾਮਾਨ) ਦੇਣ ਆਇਆ ਸੀ, ਪਰ ਇਸ ਪਿੱਛੋਂ ਉਸ ਨੇ ਮੈਨੂੰ ਵਾਟਸਐਪ ਮੈਸੇਜ ਕੀਤਾ ਅਤੇ ਲਿਖਿਆ: ਮੈਂ ਤੁਹਾਨੂੰ ਬਹੁਤ ਜ਼ਿਆਦਾ ਯਾਦ ਕਰ ਰਿਹਾ ਹਾਂ। ਉਸ ਨੇ ਇੱਕ ਦੇ ਬਾਅਦ ਇੱਕ ਕਈ ਮੈਸੇਜ ਕਰ ਕੇ ਔਰਤ ਨੂੰ ਪਰੇਸ਼ਾਨ ਕੀਤਾ।

ਔਰਤ ਨੇ ਸਰਵਿਸ ਪ੍ਰੋਵਾਈਡਰ ਨੂੰ ਡਿਲਿਵਰੀ ਬੁਆਏ ਦੀ ਸ਼ਿਕਾਇਤ ਕੀਤੀ, ਪਰ ਸਵਿਗੀ ਦੀ ਕਸਟਮਰ ਕੇਅਰ ਟੀਮ ਵੱਲੋਂ ਤਸੱਲੀਬਖਸ਼ ਪ੍ਰਤੀਕਿਰਿਆ ਨਹੀਂ ਮਿਲੀ। ਬਾਅਦ ਵਿੱਚ ਸਵਿਗੀ ਦੀ ਐਸਕੇਲੇਸ਼ਨ ਟੀਮ ਅਤੇ ਉਨ੍ਹਾਂ ਦੇ ਸੀ ਈ ਓ ਦਫਤਰ ਨੇ ਔਰਤ ਯੂਜ਼ਰ ਨਾਲ ਸੰਪਰਕ ਕੀਤਾ ਅਤੇ ਭਰੋਸਾ ਦਿੱਤਾ ਕਿ ਉਹ ਇਸ ਨੂੰ ਰੋਕਣ ਲਈ ਸਾਰੇ ਲੋੜੀਂਦੇ ਉਪਾਅ ਕਰਨਗੇ ਤਾਂ ਕਿ ਫਿਰ ਤੋਂ ਅਜਿਹੀ ਕਿਸੇ ਘਟਨਾ ਨੂੰ ਹੋਣ ਤੋਂ ਰੋਕਿਆ ਜਾ ਸਕੇ।

## ਟੀ ਐਮ ਸੀ ਨੇਤਾ ਦਾ ਗੰਨਮੈਨ 100 ਕਰੋੜ ਤੋਂ ਵੱਧ ਦੀ ਜਾਇਦਾਦ ਦਾ ਮਾਲਕ ਨਿਕਲਿਆ



ਕੋਲਕਾਤਾ, 19 ਜੂਨ (ਪੋਸਟ ਬਿਊਰੋ)- ਪਸ਼ੂ ਤਸਕਰੀ ਕੇਸ ਵਿੱਚ ਦੋਸ਼ੀ ਤ੍ਰਿਣਮੂਲ ਕਾਂਗਰਸ (ਟੀ ਐਮ ਸੀ) ਦੇ ਬੀਰਭੂਮ ਦੇ ਜ਼ਿਲ੍ਹਾ ਪ੍ਰਧਾਨ ਅਨੁਬਰਤ ਮੰਡਲ ਦੇ ਗੰਨਮੈਨ ਸਹਿਗਲ ਹੁਸੈਨ ਕੋਲ 100 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਦਾ ਪਤਾ ਲੱਗਾ ਹੈ। ਸੀ ਬੀ ਆਈ ਮੁਤਾ-ਬਕ ਕੋਲਕਾਤਾ ਦੇ ਨਿਊ ਟਾਊਨ ਇਲਾਕੇ ਦੇ ਅਲਾਬਾ ਬੋਲਪੁਰ ਸਣੇ ਵੱਖ-ਵੱਖ ਜਗ੍ਹਾ ਉੱਤੇ ਸਹਿਗਲ ਦੇ ਫਲੈਟ ਹਨ। ਉਸ ਦੇ ਨਾਂਅ ਕਰੀਬ 200 ਵੀਘਾ ਜ਼ਮੀਨ ਹੈ। ਸੋਨੇ-ਚਾਂਦੀ ਦੇ ਕਾਫੀ ਗਹਿਣੇ ਵੀ ਹਨ। ਇੱਕ ਪੈਟਰੋਲ ਪੰਪ ਹੋਣ ਦਾ ਵੀ ਪਤਾ ਲੱਗਾ ਹੈ। ਕਈ ਵਾਹਨਾਂ ਦਾ ਵੀ ਉਹ ਮਾਲਕ ਹੈ।

ਸੀ ਬੀ ਆਈ ਦਾ ਕਹਿਣਾ ਹੈ ਕਿ ਇਸ ਦੇ ਇਲਾਵਾ ਵੀ ਉਸ ਦੇ ਕੋਲ ਕਾਫੀ ਜਾਇਦਾਦ ਹੋ ਸਕਦੀ ਹੈ, ਜਿਸ ਦਾ ਪਤਾ ਲਾਇਆ ਜਾ ਰਿਹਾ ਹੈ। ਜਾਂਚ ਵਿੱਚ ਪਤਾ ਲੱਗਾ ਹੈ ਕਿ ਸਹਿਗਲ ਨੇ ਅਨੁਬ੍ਰਤ ਮੰਡਲ ਦਾ ਬਾਡੀ ਗਾਰਡ ਬਣਨ ਦੇ ਬਾਅਦ ਇੰਨੀ ਜਾਇਦਾਦ ਬਣਾਈ ਹੈ। ਵਰਨਣ ਯੋਗ ਹੈ ਕਿ ਸਹਿਗਲ ਸਟੇਟ ਪੁਲਸ ਦਾ ਕਾਂਸਟੇਬਲ ਹੈ। ਬੀਤੇ ਸ਼ੁੱਕਰਵਾਰ ਉਸ ਨੂੰ ਆਸਨਸੋਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਉਸ ਦੀ ਸੀ ਬੀ ਆਈ ਹਿਰਾਸਤ ਸੱਤ ਦਿਨ ਵਧਾ ਦਿੱਤੀ ਗਈ। ਸੀ ਬੀ ਆਈ ਅਧਿਕਾਰੀ ਨੇ ਦੱਸਿਆ ਕਿ ਸਹਿਗਲ ਤੋਂ ਪੁੱਛਗਿੱਛ ਦੌਰਾਨ ਕਈ ਮਹੱਤਵਪੂਰਨ ਸਬੂਤ ਮਿਲੇ ਹਨ। ਸਹਿਗਲ ਪੁਲਸ ਮੁਲਾਜ਼ਮ ਅਤੇ ਉਸ ਦੀ ਪਤਨੀ ਟੀਚਰ ਹੈ। ਆਮ ਢੰਗ ਨਾਲ ਇੰਨੇ ਘੱਟ ਸਮੇਂ ਵਿੱਚ ਇੰਨੀ ਜਾਇਦਾਦ ਨਹੀਂ ਬਣ ਸਕਦੀ। ਸਹਿਗਲ ਕੋਲ ਇੰਨੀ ਜਾਇਦਾਦ ਹੈ ਤਾਂ ਇਸ ਮਾਮਲੇ ਨਾਲ ਜੁੜੇ ਪ੍ਰਭਾਵਸ਼ਾਲੀ ਨੇਤਾਵਾਂ ਦੇ ਕੋਲ ਕਿੰਨੀ ਹੋਵੇਗੀ, ਇਹ ਵੀ ਸੋਚਣ ਵਾਲਾ ਮਾਮਲਾ ਹੈ। ਸੀ ਬੀ ਆਈ ਇਸ ਬਾਰੇ ਅਨੁਬਰਤ ਮੰਡਲ ਤੋਂ ਪੁੱਛਗਿੱਛ ਕਰ ਚੁੱਕੀ ਹੈ।

## ਰੂਸ ਦਾ ਜ਼ਬਤ ਕੀਤਾ ਜਹਾਜ਼ ਫਿਜੀ ਤੋਂ ਹੋਨੋਲੂਲੂ ਪਹੁੰਚਿਆ






ਹੋਨੋਲੂਲੂ, 19 ਜੂਨ (ਪੋਸਟ ਬਿਊਰੋ)- ਅਮਰੀਕਾ ਵੱਲੋਂ ਜ਼ਬਤ ਕੀਤਾ ਰੂਸ ਦੀ ਮਾਲਕੀ ਵਾਲਾ ਜਹਾਜ਼ ਪਿਛਲੇ ਵੀਰਵਾਰ ਹੋਨੋਲੂਲੂ ਬੰਦਰਗਾਹ ਉੱਤੇ ਪਹੁੰਚਿਆ। ਉਸ ਉੱਤੇ ਅਮਰੀਕੀ ਝੰਡਾ ਲੱਗਾ ਸੀ।

ਵਰਨਣ ਯੋਗ ਹੈ ਕਿ ਅਮਰੀਕਾ ਨੇ ਪਿਛਲੇ ਹਫਤੇ 32.5 ਕਰੋੜ ਡਾਲਰ ਦੇ ਜਹਾਜ਼ ਨੂੰ ਜ਼ਬਤ ਕਰਨ ਦੀ ਕਾਨੂੰਨੀ ਲੜਾਈ ਫਿਜੀ ਵਿੱਚ ਜਿੱਤ ਲਈ ਅਤੇ ਇਸ ਨੂੰ ਹਵਾਈ ਟਾਪੂ ਲਈ ਰਵਾਨਾ ਕਰ ਦਿੱਤਾ ਸੀ।ਫੈਡਰਲ ਜਾਂਚ ਏਜੰਸੀ (ਐਫ ਬੀ ਆਈ) ਨੇ ਜਹਾਜ਼ ਦਾ ਸਬੰਧ ਰੂਸ ਦੇ ਸੁਲੇਮਾਨ ਕੇਰੀਮੋਵ ਨਾਲ ਦੱਸਿਆ ਸੀ। ਅਮਰੀਕਾ ਨੇ ਕਿਹਾ ਕਿ ਕੇਰੀਮੋਵ ਨੇ ਪਿਛਲੇ ਸਾਲ ਗੁਪਤ ਤਰੀਕੇ ਨਾਲ ਵੱਖ-ਵੱਖ ਕੰਪਨੀਆਂ ਦੇ ਰਾਹੀਂ ਕੇਮੈਨ ਆਈਲੈਂਡ ਦੇ ਝੰਡੇ ਵਾਲਾ ਜਹਾਜ਼ ਖਰੀਦਿਆ ਸੀ। ਰੂਸ ਉੱਤੇ ਯੂਕਰੇਨ ਵਿੱਚ ਜੰਗ ਖਤਮ ਕਰਨ ਦਾ ਦਬਾਅ ਬਣਾਉਣ ਲਈ ਮਾਰਚ ਵਿੱਚ ਕੁਲੀਨ ਵਰਗ ਦੇ ਲੋਕਾਂ ਦੀ ਜਾਇਦਾਦ ਜ਼ਬਤ ਕਰਨ ਦੀ ਮੁਹਿੰਮ ਚਲਾਈ ਗਈ ਸੀ, ਉਦੋਂ ਤੋਂ ਜਹਾਜ਼ ਅਮਰੀਕੀ ਨਿਸ਼ਾਨੇ ਉੱਤੇ ਸੀ। ਐਫ ਬੀ ਆਈ ਨੇ ਕਿਹਾ ਕਿ ਫਿਜੀ ਵਿੱਚ ਇੱਕ ਤਲਾਸ਼ੀ ਵਾਰੰਟ ਮਿਲਣ ਤੋਂ ਬਾਅਦ ਕੁਝ ਈ-ਮੇਲਾਂਮਿਲੀਆਂ ਸਨ, ਜਿਨ੍ਹਾਂ ਤੋਂ ਪਤਾ ਲੱਗਾ ਸੀ ਕਿ ਕੇਰੀਮੋਵ ਦੇ ਕੁਝ ਪਰਵਾਰਕ ਮੈਂਬਰ ਇਸ ਸਾਲ ਜਹਾਜ਼ ਉੱਤੇ ਸਵਾਰ ਸਨ ਅਤੇ ਚਾਲਕ ਦਲ ਨੇ ਉਨ੍ਹਾਂ ਲਈ ਕੋਡ ਤੈਅ ਕੀਤਾ ਸੀ। ਮਸਲਨ, ਕੇਰੀਮੋਵ ਲਈ ਜੀ0, ਉਨ੍ਹਾਂ ਦੀ ਪਤਨੀ ਲਈ ਜੀ1 ਅਤੇ ਬੇਟੀ ਲਈ ਜੀ2 ਕੋਡ ਦੀ ਵਰਤੋਂ ਕੀਤੀ ਜਾਂਦੀ ਸੀ।ਇਹ ਜਹਾਜ਼ ਫੁੱਟਬਾਲ ਗਰਾਊਂਡਜਿੱਡਾ ਹੈ ਤੇ ਇਸ ਉੱਤੇਜੀਊਂਦੀ ਝੀਂਗਾ ਮੱਛੀ ਦਾ ਇੱਕ ਟੈਂਕ, ਹੱਥ ਨਾਲ ਰੰਗਿਆ ਹੋਇਆ ਪਿਆਨੋਂ, ਇੱਕ ਸਵੀਮਿੰਗ ਪੂਲ ਤੇ ਇੱਕ ਵੱਡਾ ਹੈਲੀਪੈਡ ਮੌਜੂਦ ਹੈ। ਮਾਮਲੇ ਵਿੱਚ ਜਹਾਜ਼ ਕੰਪਨੀ ਮਿਲੇਮਾਰਿਨ ਇੰਵੈਸਮੈਂਟਸ ਦੀ ਅਗਵਾਈ ਕਰਨ ਵਾਲੇ ਵਕੀਲ ਫੀਜਲ ਹਨੀਫ ਨੇ ਤਰਕ ਦਿੱਤਾ ਸੀ ਕਿ ਇਸ ਜਹਾਜ਼ ਦਾ ਮਾਲਕ ਰੂਸ ਦਾ ਕੋਈ ਹੋਰ ਧਨੀ ਵਿਅਕਤੀ ਹੈ।

# ਗੁਰੂ ਅਰਜਨ ਦੇਵ ਜੀ ਸ਼ਹੀਦੀ ਦਿਹਾੜਾ ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿਖੇ ਸ਼ਰਧਾ ਨਾਲ ਮਨਾਇਆ

## * ਵੱਡੀ ਤਾਦਾਤ 'ਚ ਦੇਸ਼-ਵਿਦੇਸ਼ ਤੋਂ ਸੰਗਤਾਂ ਹੋਈਆਂ ਨਤਮਸਤਕ

ਲਾਹੌਰ, 19 ਜੂਨ (ਪੋਸ ਬਿਊਰੋ)- ਮੂਲ ਨਾਨਕ ਸ਼ਾਹੀ ਕੈਲੰਡਰ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ 416ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ "ਸ਼ਹੀਦੀ ਗੁਰਮਤਿ ਸਮਾਗਮ" ਅਤੇ ਸ੍ਰੀ ਅਖੰਡਪਾਠ ਸਾਹਿਬ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰ-ਦੁਆਰਾ ਸ੍ਰੀ ਡੇਹਰਾ ਸਾਹਿਬ ਵਿਖੇ ਰੱਖੇ ਗਏ ਸਨ। ਇਨ੍ਹਾਂ ਸਮਾਗਮਾਂ ਦੌਰਾਨ ਰੈਣ ਸੁਬਾਈ ਕੀਰਤਨ ਵਿਚ ਹਾਜ਼ਰੀ ਭਰਨ ਲਈ ਭਾਰਤ ਤੋਂ ਵਿਸ਼ੇਸ਼ ਤੌਰ ਤੇ ਖ਼ਾਲਸਾ ਪੰਥ ਦੇ ਸਿਰਮੌਰ ਕੀਰਤਨੀਏ ਜਥੇ ਉਸਤਾਦ ਸੁਖਵੰਤ ਸਿੰਘ ਜੀ (ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ), ਪ੍ਰਿੰਸੀਪਲ ਜਸਪਾਲ ਸਿੰਘ ਜੀ, ਬੀਬੀ ਰਾਜਵਿੰਦਰ ਕੌਰ ਜੀ , ਭਾਈ ਹਰਮਨਦੀਪ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ),



ਡਾ ਹਰਬੰਸ ਸਿੰਘ ਜੀ (ਕਥਾਵਾਚਕ ਅਲਵਰ ਵਾਲੇ) ਅਤੇ ਸਿੰਧੀ ਕੀਰਤਨੀ ਸਿੰਘਾਂ ਨੇ ਵੀ ਕੀਰਤਨ-ਕਥਾ ਦੀ ਸੇਵਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੱਲੋਂ ਦਿੱਤੀ ਗਈ ਕੁਰਬਾਨੀ, ਮੂਲ ਨਾਨਕਸ਼ਾਹੀ ਕੈਲੰਡਰ ਦੀ ਮਹੱਤਤਾ ਬਾਰੇ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ ਅਤੇ ਪਾਕਿ-ਸਤਾਨ ਵਿੱਚ ਸਥਿਤ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਪਾਕਿਸਤਾਨ ਦੀ ਸਰਕਾਰ, ਮਹਿਕਮਾ ਓਕਾਫ਼ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸ ਤਰ੍ਹਾਂ ਦਿਨ ਰਾਤ ਇੱਕ ਕਰਕੇ ਸੇਵਾ ਨਿਭਾ ਰਹੀ ਹੈ ਬਾਰੇ ਚਾਨਣ ਪਾਇਆ।





ਇਸ ਮੌਕੇ 'ਤੇ ਸ੍ਰੀ ਹਬੀਬ-ਉਰ-ਰਹਿਮਾਨ ਗਿਲਾਨੀ ਸਾਹਿਬ, ਚੇਅਰਮੈਨ, ਔਕਾਫ ਬੋਰਡ, ਸ੍ਰੀਮਾਨ ਰਾਣਾ ਸ਼ਹੀਦ ਸਾਹਿਬ, ਵਧੀਕ ਸਕੱਤਰ (ਸ਼ਰਾਈਨਜ਼ ), ਸ੍ਰੀ ਇਮ-ਰਾਨ ਗੋਂਡਲ ਸਾਹਿਬ, ਉਪ ਸਕੱਤਰ (ਸ਼ਰਾਈਨਜ਼), ਬਾਦਸ਼ਾਹੀ ਮਸਜਿਦ ਲਾਹੌਰ ਦੇ ਇਮਾਮ ਮੌਲਾਨਾ ਅਬਦੁਲ ਖਬੀਰ ਆਜ਼ਾਦ ਸਾਹਿਬ, ਚੇਅਰਮੈਨ ਰੂਤ-ਏ-ਹਿਲਾਲ, ਸਈਅਦ ਸ੍ਰੀ ਅਲੀ ਰਜ਼ਾ ਕਾਦਰੀ ਸਾਹਿਬ ਗੱਦੀ ਨਸ਼ੀਨ ਦਰਬਾਰ ਹਜ਼ਰਤ ਸਾਈਂ ਮੀਆਂ ਮੀਰ ਜੀ ਲਾਹੌਰ, ਸਰਦਾਰ ਅਮੀਰ ਸਿੰਘ ਸਾਹਿਬ (ਪ੍ਰਧਾਨ ਪੀ.ਐਸ.ਜੀ.ਪੀ.ਸੀ.), ਸ ਸਤਵੰਤ ਸਿੰਘ ਜੀ (ਸਾਬਕਾ ਪ੍ਰਧਾਨ ਪੀ.ਐਸ.ਜੀ.ਪੀ.ਸੀ.) ਸ ਬਿਸ਼ਨ ਸਿੰਘ ਜੀ (ਸਾਬਕਾ ਪ੍ਰਧਾਨ ਪੀ.ਐਸ.ਜੀ.ਪੀ.ਸੀ.), ਸ ਮਸਤਾਨ ਸਿੰਘ ਜੀ (ਸਾਬਕਾ ਪ੍ਰਧਾਨ ਪੀ.ਐਸ.ਜੀ.ਪੀ.ਸੀ.), ਸਰਦਾਰ ਗੋਪਾਲ ਸਿੰਘ ਚਾਵਲਾ ਚੇਅਰਮੈਨ ਪੰਜਾਬੀ ਸਿੱਖ ਸੰਗਤ, ਡਾ ਮਿਮਪਾਲ ਮੈਂਬਰ, ਗ੍ਰੰਥੀ ਮਨਜੀਤ ਸਿੰਘ ਗੁਰਦ-ਆਰਾ ਡੇਹਰਾ ਸਾਹਿਬ, ਗਿਆਨੀ ਜਨਮ ਸਿੰਘ (ਸੰਪਾਦਕ ਸਰਬੱਤ ਦਾ ਭਲਾ ਮੈਗਜ਼ੀਨ), ਗ੍ਰੰਥੀ ਭਾਈ ਪ੍ਰੇਮ ਸਿੰਘ, ਗਿਆਨੀ ਰਣਜੀਤ ਸਿੰਘ, ਅਜ਼ਹਰ ਅੱਬਾਸ ਕੇਅਰ ਟੇਕਰ ਗੁਰ-ਦੁਆਰਾ ਡੇਹਰਾ ਸਾਹਿਬ ਆਦਿ ਵੀ ਮੌਜੂਦ ਸਨ।

ਭਾਰਤ ਤੋਂ ਆਏ ਯਾਤਰੀਆਂ ਅਤੇ ਪਾਕਿਸਤਾਨ ਦੇ ਅਲੱਗ ਅਲੱਗ ਸੂਬਿਆਂ ਤੋਂ ਆਈਆਂ ਸੰਗਤਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮਿਲ ਕੇ ਸੁਖਮਨੀ ਸਾਹਿਬ ਦੇ ਜਾਪ ਤਿੰਨੋ ਦਿਨ ਕੀਤੇ ਗਏ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769








## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013





## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049


## ਲੜਕੀ ਦੀ ਲੋੜ

Looking for suitable match for Sikh Saini Boy 41, 5`10`` Canadian born,Clean shaven, Never married, Job and Study in Marketing, Canadian PR, Student Visa, Work Visa, Visitor visa, New Immigrants , Girls in India, US ,Europe will consider. Cast no bar. Please send bio-data with picture,
E Mail: ravidhamrait123@hotmail.com , Tel.No. 1-416-781-0767

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







# ਭਾਰਤੀ ਸੈਨਾ ਦੀ ਮੋਟਰਸਾਇਕਲ ਮੁਹਿੰਮ ਟੀਮ ਨੇ ਝੰਡਾ ਲਹਿਰਾਇਆ

ਪਠਾਨਕੋਟ, 19 ਜੂਨ (ਰਾਜਿੰਦਰ ਸਿੰਘ ਰਾਜਨ) ਬ੍ਰਿਗੇਡੀਅਰ ਸੰਦੀਪ ਐਸ ਸ਼ਾਰਦਾ, ਐਸ ਐਮ, ਵੀ ਐਸ ਐਮ, ਸੀ ਡੀ ਆਰ ਪਠਾਨਕੋਟ ਉਪ ਖੇਤਰ ਅਤੇ ਲੈਫਟੀਨੈਂਟ ਜਨਰਲ ਭੁਪਿੰਦਰ ਸਿੰਘ ਠਾਕੁਰ ਪੀਵੀਐਸਐਮ ਏਵੀਐਸਐਮ, (ਸੇਵਾਮੁਕਤ) ਫੌਜ ਦੇ ਸਾਬਕਾ ਉਪ ਮੁਖੀ ਨੇ ਮਨਾਲੀ ਵਿਖੇ ਲਾਹੌਲ, ਸਪਿਤੀ ਅਤੇ ਚੰਬਾ ਘਾਟੀ ਦੇ ਸਾਬਕਾ ਫੌਜੀਆਂ ਨੂੰ ਸੰਬੋਧਨ ਕੀਤਾ। ਸਾਬਕਾ ਸੈਨਿਕਾਂ ਦੀ ਰੈਲੀ ਵਿੱਚ ਸਾਬਕਾ ਸੈਨਿਕ ਵੱਡੀ ਗਿਣਤੀ ਵਿੱਚ ਇਕੱਠੇ ਹੋਏ।

ਬ੍ਰਿਗੇਡੀਅਰ ਸੰਦੀਪ ਐਸ ਸ਼ਾਰਦਾ, ਐਸਐਮ, ਵੀਐਸਐਮ ਸੀਡੀਆਰ 21 ਸਬ ਏਰੀਆ ਨੇ ਵੱਖ-ਵੱਖ ਸਕੀਮਾਂ ਬਾਰੇ ਦੱਸਿਆ ਜੋ ਭਾਰਤੀ ਫੌਜ ਨੇ ਆਪਣੇ ਸਾਬਕਾ ਸੈਨਿਕਾਂ ਲਈ ਸ਼ੁਰੂ ਕੀਤੀਆਂ ਹਨ ਅਤੇ ਫੌਜ ਦੁਆਰਾ ਸਾਬਕਾ ਸੈਨਿਕਾਂ ਤੱਕ ਪਹੁੰਚ ਕਰਨ ਅਤੇ ਸੇਵਾਮੁਕਤੀ ਤੋਂ ਬਾਅਦ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਇਸ ਮੌਕੇ ਸੀਡੀਆਰ ਪਠਾਨਕੋਟ ਸਬ ਏਰੀਆ ਅਤੇ ਸਾਬਕਾ ਵਾਈਸ ਚੀਫ਼ ਨੇ ਸਾਂਝੇ ਤੌਰ 'ਤੇ ਰਾਈਜ਼ਿੰਗ ਸਟਾਰ ਸਬ ਏਰੀਆ ਦੀ ਅੱਠ ਦਿਨ ਚੱਲਣ ਵਾਲੀ ਮੋਟਰ ਸਾਈਕਲ ਮੁਹਿੰਮ ਜੋ 9 ਜੂਨ 22 ਨੂੰ ਯੋਲ ਤੋਂ ਸ਼ੁਰੂ ਹੋਈ ਸੀ ਅਤੇ ਸੱਚ ਦੱਰਾ, ਪੰਗੀ, ਕੇਲੌਂਗ, 1092 ਕਿਲੋਮੀਟਰ ਦੇ ਧੋਖੇਬਾਜ਼ ਪਹਾੜੀ ਟਰੈਕਾਂ ਨੂੰ ਕਵਰ ਕੀਤਾ। ਬਰਾਲਾਚ ਲਾ ਅਤੇ ਸਪਿਤੀ ਵੈਲੀ। ਇਸ ਦੀ ਸਥਾਪਨਾ ਦੇ 60 ਸਾਲ ਪੂਰੇ ਹੋਣ ਦੇ ਮੌਕੇ 'ਤੇ 21 ਉਪ ਖੇਤਰ ਦੁਆਰਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ। ਲੈਫਟੀਨੈਂਟ ਜਨਰਲ ਭੁਪਿੰਦਰ ਸਿੰਘ ਠਾਕੁਰ ਪੀ.ਵੀ.ਐੱਸ.ਐੱਮ. ਏ.ਵੀ.ਐੱਸ.ਐੱਮ., (ਸੇਵਾਮੁਕਤ) ਫੌਜ ਦੇ ਸਾਬਕਾ ਉਪ ਮੁਖੀ ਨੇ ਇਸ ਮਹੱਤਵਪੂਰਨ ਮੌਕੇ 'ਤੇ 21 ਉਪ ਖੇਤਰ ਦੇ ਸਾਰੇ ਰੈਂਕਾਂ ਨੂੰ ਵਧਾਈ ਦਿੱਤੀ ਅਤੇ 1965 ਸਮੇਤ ਇਸ ਦੇ ਸ਼ਾਨਦਾਰ ਇਤਿਹਾਸ ਵਿੱਚ ਵੱਖ-ਵੱਖ ਮਿਲਟਰੀ ਆਪਰੇਸ਼ਨਾਂ ਦੌਰਾਨ 21 ਉਪ ਖੇਤਰ ਦੀਆਂ ਪ੍ਰਾਪਤੀਆਂ ਦੀ ਵੀ ਸ਼ਲਾਘਾ ਕੀਤੀ। 1971, ਹਿੰਦ-ਪਾਕਿ ਜੰਗਾਂ, ਆਪ੍ਰੇਸ਼ਨ ਵਿਜੇ ਅਤੇ ਹਾਲੀਆ ਅਪਰੇਸ਼ਨ ਜ਼ਫਰਾਨ ਅਤੇ ਸਨੋ ਲੀਓਪਾਰਡ, ਜਿਸ ਵਿੱਚ 21 ਉਪ ਖੇਤਰ ਦੁਆਰਾ ਲੜਨ ਵਾਲੀਆਂ ਸੰਰਚਨਾਵਾਂ ਨੂੰ ਪ੍ਰਦਾਨ ਕੀਤੀ ਗਈ ਲੌਜਿਸਟਿਕ ਸਹਾਇਤਾ ਸ਼ਲਾਘਾਯੋਗ ਸੀ।

ਲੈਫਟੀਨੈਂਟ ਜਨਰਲ ਭੁਪਿੰਦਰ ਸਿੰਘ ਠਾਕੁਰ ਪੀ.ਵੀ.ਐੱਸ.ਐੱਮ. ਏ.ਵੀ.ਐੱਸ.ਐੱਮ., (ਸੇਵਾਮੁਕਤ) ਨੇ ਵੀ ਇਸ ਮੁਹਿੰਮ ਦੌਰਾਨ ਭਾਰਤੀ ਫੌਜ ਵਿੱਚ ਖੇਡ ਅਤੇ ਸਾਹਸ ਦੀ ਪਰੰਪਰਾ ਨੂੰ ਹੋਰ ਮਜ਼ਬੂਤ ਕਰਨ ਅਤੇ ਦੂਰ-ਦੁਰਾਡੇ ਖੇਤਰਾਂ ਵਿੱਚ ਰਹਿੰਦੇ ਭਾਰਤੀ ਫੌਜ ਦੇ ਸਾਬਕਾ ਸੈਨਿਕਾਂ ਅਤੇ ਸਥਾਨਕ ਨੌਜਵਾਨਾਂ ਤੱਕ ਪਹੁੰਚਣ ਲਈ ਮੁਹਿੰਮ ਟੀਮ ਨੂੰ ਵਧਾਈ ਦਿੱਤੀ।

